

# ਸ਼੍ਰੀ ਸੂਤਰ ਕ੍ਰਿਤਾਂਗ ਸੂਤਰ





### ( ਪਹਿਲਾ ਸ਼ਰੁਤ ਸਕੰਧ )

# ਸਮੇਂ ਨਾਮਕ ਪਹਿਲਾ ਅਧਿਐਨ

●

ਇਕ ਹੀ ਅਰਥ ਨੂੰ ਭਿੰਨ-ਭਿੰਨ ਰੂਪ ਵਿਚ ਸਥਾਪਿਤ ਕਰਨਾ ਹੀ ਨਿਕਸ਼ੇਪ ਹੈ। ਇਕ ਹੀ ਨਾਂ, ਅਲਗ ਅਲਗ ਪਦਾਰਥਾਂ ਲਈ ਇਸਤੇਮਾਲ ਹੁੰਦਾ ਹੈ। ਜਿਵੇਂ (1) ਕਿਸੇ ਬੱਚੇ ਦਾ ਨਾਂ ਰਾਜਾ ਰਖਿਆ ਗਿਆ ਹੈ ਉਸਨੂੰ ਰਾਜਾ ਦੇ ਰੂਪ ਵਿਚ ਸੰਬੋਧਨ ਕੀਤਾ ਜਾਂਦਾ ਹੈ। (2) ਇਸੇ ਤਰਾਂ ਕੋਈ ਰਾਜਾ ਦਾ ਚਿੱਤਰ ਬਨਾ ਕੇ, ਉਸ ਨੂੰ ਹੀ ਰਾਜਾ ਆਖਦੇ ਹਨ। (3) ਕਦੇ ਕਦੇ ਰਾਜੇ ਦੇ ਪੁੱਤਰ ਨੂੰ ਹੀ ਰਾਜਾ ਕਿਹਾ ਜਾਂਦਾ ਹੈ ਜਿਵੇਂ "ਇਹ ਅਪਣੇ ਪਿਤਾ ਤੋਂ ਵੀ ਸਵਾਇਆ ਰਾਜਾ ਹੈ।" (4) ਅਸਲ ਰਾਜੇ ਨੂੰ ਵੀ ਰਾਜਾ ਆਖਦੇ ਹਨ। ਇਸ ਤਰ੍ਹਾਂ ਰਾਜੇ ਦੀ ਸਥਾਪਨਾ ਕੇਵਲ ਨਾਂ, ਸ਼ਕਲ ਜਾਂ ਕਾਰਣ ਦਰਵ ਤੋਂ ਹੁੰਦੀ ਹੈ। ਸਾਧਾਰਣ ਤਰ ਗਿਆਂ ਵਲੋਂ ਭਾਵ ਕਿਸ ਹੁੰਦੀ ਹੈ। ਭਿੰਨ ਅਲਗ ਅਰਥਾਂ ਦੀ ਭਿੰਨ-ਭਿੰਨ ਸਥਾਪਨਾ ਨੂੰ ਨਿਕਸ਼ੇਪ ਆਖਦੇ ਹਨ। ਹਰ ਵਸਤੂ ਦੇ ਘਟੋ ਘਟ ਚਾਰ ਨਿਕਸ਼ੇਪ ਜ਼ਰੂਰ ਹੁੰਦੇ ਹਨ :—

(1) ਨਾਮ ਨਿਕਸ਼ੇਪ— ਕੇਵਲ ਵਸਤੂ ਦਾ ਨਾਂ। ਜਿਵੇਂ ਕਿਸੇ ਮਨੁੱਖ ਦਾ ਨਾਂ ਇੰਦਰ ਰਖਿਆ ਗਿਆ ਜਾਂ ਕਿਸੇ 'ਅਜੇਨ' ਦਾ ਨਾਂ ਕੋਈ ਰਖਿਆ ਗਿਆ। ਇਹ ਨਾਂ ਨਿਕਸ਼ੇਪ ਹੈ।

(2) ਸਥਾਪਨਾ ਨਿਕਸ਼ੇਪ— ਅਸਲ ਆਦਮੀ ਦੀ ਮੂਰਤੀ, ਚਿੱਤਰ ਜਾਂ ਆਕ੍ਰਿਤੀ ਸਥਾਪਨਾ ਹੈ। ਇਸ ਫੋਟੋ ਵਿਚ ਅਸਲ ਵਿਅਕਤੀ ਦੀ ਧਾਰਨਾ ਕੀਤੀ ਜਾਂਦੀ ਹੈ। ਚਿੱਤਰ ਨੂੰ ਵੇਖ ਕੇ ਆਖਨਾ, ਇਹ ਤੀਰਥੰਕਰ ਦੀ ਫੋਟੋ ਹੈ ਜਾਂ ਨਕਸ਼ੇ ਨੂੰ ਵੇਖ ਕੇ ਆਖਨਾ 'ਇਹ ਭਾਰਤ ਦੇਸ਼ ਹੈ।

(3) ਦਰਵ ਨਿਕਸ਼ੇਪ— ਕਦੇ ਕਦੇ ਭੂਤ ਅਤੇ ਭਵਿੱਖ ਕਾਲੀਨ ਭਾਸ਼ਾ ਜਾਂ ਅਰਥਾਂ ਦਾ ਪ੍ਰਯੋਗ ਵਰਤਮਾਨ ਕਾਲ ਵਿਚ ਕੀਤਾ ਜਾਂਦਾ ਹੈ। ਇਹ ਦਰਵ ਨਿਕਸ਼ੇਪ ਹੈ ਜਿਵੇਂ ਮਰੇ ਹੋਏ ਰਾਜਾ ਦੇ ਸ਼ਰੀਰ ਨੂੰ ਵੇਖ ਕੇ ਆਖਨਾ 'ਇਹ ਰਾਜਾ ਹੈ'। ਖਾਲੀ ਘਿਓ ਦੇ ਘੜੇ ਨੂੰ 'ਘਿਓ ਦਾ ਘੜਾ ਆਖਨਾ'।

(4) ਭਾਵ ਨਿਕਸ਼ੇਪ— ਨਾਉਂ ਵਿਸ਼ੇਸ਼ ਦਾ ਅਰਥ, ਭਾਵ ਵਸਤੂ ਦੀ ਜਿਸ ਅਵਸਥਾ ਵਿਚ ਠੀਕ ਤਰ੍ਹਾਂ ਲਾਗੂ ਹੋਵੇ, ਉਸਨੂੰ ਭਾਵ ਨਿਕਸ਼ੇਪ ਆਖਦੇ ਹਨ। ਜਿਵੇਂ ਧਰਮ ਰੂਪੀ ਤੀਰਥ ਦੀ ਸਥਾਪਨਾ ਕਰਨ ਵਾਲੇ ਨੂੰ ਤੀਰਥੰਕਰ ਆਖਨਾ, ਨੌਕਰੀ ਕਰਨ ਵਾਲੇ ਨੂੰ ਨੌਕਰ ਆਖਨਾ। ਸਾਧੂ ਦੇ ਗੁਣਾਂ ਵਾਲੇ ਨੂੰ ਸਾਧੂ ਆਖਨਾ, ਇਹ ਭਾਵ ਨਿਕਸ਼ੇਪ ਹੈ।

ਸਮੇਂ (ਸਮਯ) ਤੋਂ ਭਾਵ ਖਾਲੀ ਸਮਾਂ ਨਹੀਂ, ਸਮੇਂ ਤੋਂ ਇਕ ਅਰਥ ਆਤਮਾ ਵੀ ਹੈ। ਟੀਕਾਕਾਰ ਨੇ ਸਮੇਂ ਦੇ 11 ਭੇਦ ਦੱਸੇ ਹਨ :

(1) **ਨਾਮ ਸਮੇਂ** — ਕਿਸੇ ਦਾ ਨਾਂ ਸਮੇਂ ਰਖ ਦਿਤਾ ਜਾਵੇ, ਉਹ ਨਾਮ ਸਮੇਂ ਹੈ।

(2) **ਸਥਾਪਨਾ ਸਮੇਂ** — ਸਮੇਂ ਦਾ ਕਾਲਪਨਿਕ ਚਿੱਤਰ ਬਨਾ ਕੇ ਆਖਨਾ, ਇਹ ਸਥਾਪਨਾ ਸਮੇਂ ਹੈ।

(3) **ਦਰਵ ਸਮੇਂ**— ਦਰਵ ਦੇ ਸੁਭਾਵ ਨੂੰ ਦਰੱਵ ਸਮਾਂ ਆਖਦੇ ਹਨ।

(4) **ਕਾਲ ਸਮੇਂ** — ਜਿਸ ਦਰਵ ਦੇ ਯੋਗ ਜੋ ਕਾਲ ਹੋਵੇ, ਉਹ ਕਾਲ ਸਮੇਂ ਹੈ।

(5) **ਖੇਤਰ ਸਮੇਂ**— ਇਸ ਦਾ ਭਾਵ ਅਕਾਸ਼ ਸਮੇਂ ਹੈ।

(6) **ਕੁਤੀਰਥ ਸਮੇਂ**—ਪਾਖੰਡੀਆਂ (ਦੂਸਰੇ ਮਤਾਂ) ਦੇ ਮੁੱਖ ਗ੍ਰੰਥ ਕੁਤੀਰਥ ਸਮੇਂ ਹੈ।

(7 **ਸੰਗਾਰ ਸਮੇਂ**—ਸੰਗਾਰ ਦਾ ਅਰਥ ਇਸ਼ਾਰਾ ਜਾਂ ਸੰਕੇਤ ਸਮੇਂ ਤੋਂ ਹੈ।

(8) **ਗਣ ਸਮੇਂ** — ਕਿਸੇ ਧਰਮ ਸੰਘ ਦੀ ਵਿਸ਼ੇਸ਼ ਕ੍ਰਿਆ ਗਣ ਸਮੇਂ ਹੈ।

(9) **ਸ਼ੰਕਰ ਸਮੇਂ**— ਭਿੰਨ ਭਿੰਨ ਜਾਤਾਂ ਦਾ ਇਕੱਠਾ ਰਹਿਣਾ ਸ਼ੰਕਰ ਸਮੇਂ ਹੈ।

(10) **ਗੰਡੀ ਸਮੇਂ**— ਭਿੰਨ ਭਿੰਨ ਫਿਰਕਿਆਂ ਦੀਆਂ ਪ੍ਰਥਾਵਾਂ ਗੰਡੀ ਸਮੇਂ ਹੈ।

(11) **ਭਾਵ ਸਮੇਂ**— ਭਿੰਨ ਭਿੰਨ ਅਨੁਕੂਲ ਤੇ ਪ੍ਰਤਿਕੂਲ ਸਿੱਧਾਂਤਾਂ ਨੂੰ ਭਾਵ ਸਮੇਂ ਆਖਦੇ ਹਨ।

ਇਥੇ ਸਿਰਫ ਭਾਵ ਸਮੇਂ ਦਾ ਹੀ ਸੰਬੰਧ ਹੈ। ਇਸ ਅਧਿਐਨ ਦੇ ਚਾਰ ਉਦੇਸ਼ਕ ਹਨ। ਪਹਿਲੇ ਉਦੇਸ਼ਕ ਵਿਚ ਪੰਚ ਮਹਾਭੂਤ ਵਾਦੀਆਂ, ਆਤਮ ਅਦਵੈਤ ਵਾਦ, ਜੀਵ ਤੇ ਸ਼ਰੀਰ ਇਕ ਹੈ, ਆਦਿ ਵਿਸ਼ੇ ਹਨ।

ਇਸ ਤੋਂ ਛੁਟ 'ਪੁੰਨ ਤੇ ਪਾਪ ਆਦਿ ਕੋਈ ਵੀ ਕ੍ਰਿਆ ਜੀਵ ਨਹੀਂ ਕਰਦਾ।' ਇਹ ਵਿਸ਼ਾ ਹੈ।

ਪੰਚ ਮਹਾਭੂਤ ਤੇ ਛੇਵਾਂ ਆਤਮਾ ਹੈ। ਇਹ ਪੰਜਵਾਂ ਵਿਸ਼ਾ ਹੈ। "ਕਿਸੇ ਕ੍ਰਿਆ ਦਾ ਫਲ ਨਹੀਂ" ਇਹ ਛੇਵਾਂ ਵਿਸ਼ਾ ਹੈ।

ਉਦੇਸ਼ਕ ਦੇ ਚਾਰ ਅਰਥ ਅਧਿਕਾਰ ਹਨ। ਇਨ੍ਹਾਂ ਵਿਚ 1. ਨਿਯਤੀਵਾਦ, 2.

ਅਗਿਆਨਵਾਦ, 3. ਗਿਆਨਵਾਦ 4. ਬੁਧ ਦਰਸ਼ਨ ਆਦਿ ਦਾ ਜਿਕਰ ਹੈ।

ਬੁਧ ਦਰਸ਼ਨ ਦਾ ਕਥਨ ਹੈ ਕਿ ਚਾਰ ਪ੍ਰਕਾਰ ਨਾਲ ਕਰਮ ਉਪਚੈ (ਬੰਧ) ਨਹੀਂ ਹੁੰਦਾ [1] ਅਵਿਦਿਆ ਜਾਂ ਅਗਿਆਨਤਾ [2] ਪਰਿਗੋਪਚਿਤ ਕਰਮ (ਕੇਵਲ ਮਨ ਰਾਹੀਂ ਕੀਤਾ ਕਰਮ ਉਪਚੈ) [3] ਈਰੀਆ ਪ੍ਰਤਯ ਕਰਮ (ਮਾਰਗ ਵਿਚ ਘੁਮਦੇ ਜੋ ਜੀਵ ਹਿੰਸਾ ਹੁੰਦੀ ਹੈ, ਉਸ ਨਾਲ ਵੀ ਕਰਮ ਬੰਧ ਨਹੀਂ ਹੁੰਦਾ। ਸੁਪਨਾਂਤਿਕ ਕਰਮ— ਸੁਪਨੇ ਵਿਚ ਕੀਤੇ ਕਰਮ ਦਾ ਵੀ ਉਪਚੈ ਨਹੀਂ ਹੁੰਦਾ।

ਤੀਸਰੇ ਉਦੇਸ਼ਕ ਵਿਚ ਸਾਧੂ ਨੂੰ ਆਧਾ ਕਰਮੀ (ਸਾਧੂ ਲਈ ਖਰੀਦਿਆ ਜਾਂ ਤਿਆਰ ਕੀਤੇ) ਭੋਜਨ ਦੇ ਤਿਆਗ ਦਾ ਉਪਦੇਸ਼ ਦਿਤਾ ਗਿਆ ਹੈ। ਇਹ ਵਸਤੂ ਭਾਵੇਂ ਕਿੰਨੀ ਵੀ ਸ਼ੁਧ ਹੋਵੇ ਅਤੇ ਦੇਣ ਵਾਲਾ ਵੀ ਇਛੁਕ ਹੋਵੇ। ਪਰ ਸਾਧੂ ਨੂੰ ਗ੍ਰਹਿਣ ਕਰਨੀ ਠੀਕ ਨਹੀਂ। ਕਿਉਂਕਿ ਸਾਧੂ-ਸਾਧਵੀ ਲਈ ਤਾਂ ਅਨਜਾਨ ਕੁਲਾਂ ਤੋਂ ਸ਼ੁਧ ਭੋਜਨ ਲੈਣ ਦੀ ਆਗਿਆ ਹੈ ਇਸ ਉਦੇਸ਼ਕ ਵਿਚ ਈਸ਼ਵਰ ਤੇ ਕਰਤਾਵਾਦੀ ਮਤ ਵੀ ਵਰਨਣ ਕੀਤਾ ਗਿਆ ਹੈ।

ਚੌਥੇ ਉਦੇਸ਼ਕ ਵਿਚ ਪਰ ਤੀਰਥੀਆਂ ਤੋਂ ਬਚਨ ਦਾ ਉਪਦੇਸ਼ ਹੈ। ਕਿਉਂਕਿ ਗਲਤ ਦਾਰਸ਼ਨਿਕ ਸਿੱਧਾਂਤ, ਕਰਮ ਬੰਧ ਦਾ ਕਾਰਣ ਬਣਦੇ ਹਨ। ਕਰਮ ਬੰਧ ਤੋਂ ਬਚਨ ਲਈ ਅਹਿੰਸਾ, ਸਮਤਾ, ਕਸ਼ਾਏ (ਕਰੋਧ, ਮੋਹ, ਲੋਭ ਤੇ ਹੰਕਾਰ) ਤੋਂ ਬਚਦੇ ਹੋਏ ਸਦ ਸਮੇਂ ਵਾਰੇ ਕਿਹਾ ਗਿਆ ਹੈ। ਅਵਿਰਤ ਤੋਂ ਭਾਵ ਹੈ ਗ੍ਰਹਿਸਥੀ ਦਾ ਉਹ ਕੰਮ ਜਿਸ ਵਿਚ ਅਸੰਜਮ ਹੋਵੇ।

ਪਰਿਗ੍ਰਹਿ ਤੋਂ ਭਾਵ ਵਸਤਾ ਦਾ ਸੰਗ੍ਰਹਿ ਹੈ ਇਸਦੇ ਦੋ ਭੇਦ ਕੀਤੇ ਗਏ ਹਨ— (1) ਸਚਿੱਤ—ਜਾਨਦਾਰ ਵਸਤਾਂ ਇਸਤਰੀ, ਪਸ਼ੂ ਤੇ ਮਨੁੱਖ ਦਾ ਸੰਗ੍ਰਹਿ ਅਤੇ (2) ਅਚਿੱਤ ਬੇਜਾਨ ਵਸਤਾ ਮਕਾਨ, ਪੈਸਾ ਖੇਤ ਆਦਿ।

# ਪਹਿਲਾ ਉਦੇਸ਼ਕ

(ਸ਼੍ਰੀ ਸੁਧਰਮਾ ਸਵਾਮੀ ਦੇ ਚੇਲੇ ਸ਼੍ਰੀ ਜੰਬੂ ਸਵਾਮੀ ਪ੍ਰਸ਼ਨ ਕਰਦੇ ਹਨ) "ਭਗਵਾਨ ਮਹਾਵੀਰ ਨੇ ਬੰਧਨ ਕਿਸ ਨੂੰ ਕਿਹਾ ਹੈ ? ਕੀ ਜਾਣ ਕੇ ਬੰਧਨ ਨੂੰ ਦੂਰ ਕਰਨਾ ਚਾਹੀਦਾ ਹੈ ?" (1)

ਸਚਿੱਤ (ਮਨੁੱਖ ਪਸ਼ੂ ਆਦਿ) ਅਚਿੱਤ (ਕਪੜੇ, ਗਹਿਣੇ, ਮਕਾਨ ਆਦਿ) ਪਰਿਗ੍ਰਹਿ ਜਾਂ ਦੋਹਾਂ ਰੂਪਾਂ ਵਿਚ ਪਰਿਗ੍ਰਹਿ ਨੂੰ ਗ੍ਰਹਿਣ ਕਰਦਾ ਹੈ, ਦੂਸਰੇ ਤੋਂ ਕਰਵਾਉਂਦਾ ਹੈ ਜਾਂ ਪਰਿਗ੍ਰਹਿ ਸਵੀਕਾਰ ਕਰਨ ਵਾਲੇ ਨੂੰ ਭਲਾ ਸਮਝਦਾ ਹੈ। ਉਹ ਦੁੱਖਾਂ ਤੋਂ ਮੁਕਤ ਨਹੀਂ ਹੋ ਸਕਦਾ। (2)

ਜੋ ਮਨੁੱਖ ਆਪ ਜੀਵਾਂ ਦਾ ਨਾਸ਼ ਕਰਦਾ ਹੈ, ਦੂਸਰੇ ਤੋਂ ਕਰਵਾਉਂਦਾ ਹੈ ਜਾਂ ਕਰਦੇ ਨੂੰ ਚੰਗਾ ਸਮਝਦਾ ਹੈ। ਉਹ ਮਾਰੇ ਗਏ ਜੀਵਾਂ ਦੀ ਆਤਮਾ ਨਾਲ ਵੈਰ ਵਧਾਉਂਦਾ ਹੈ। (3)

ਅਗਿਆਨੀ ਜੀਵ ਜਿਸ ਕੁਲ ਵਿਚ ਪੈਦਾ ਹੁੰਦਾ ਹੈ ਅਤੇ ਜਿਨ੍ਹਾਂ ਨਾਲ ਨਿਵਾਸ ਕਰਦਾ ਹੈ ਉਥੇ (ਮਾਤਾ, ਪਿਤਾ, ਇਸਤਰੀ, ਪੁਤਰ ਅਤੇ ਮਿਤੱਰ ਆਦਿ ਨਾਲ) ਮਮਤਾ ਕਾਰਣ ਦੁਖੀ ਹੁੰਦਾ ਹੈ। ਨਵੇਂ ਪਦਾਰਥਾਂ ਪ੍ਰਤਿ ਮਮਤਾ ਭਾਵ ਜਗਾਉਂਦਾ ਹੈ। (4)

ਧਨ ਸੰਪੱਤੀ ਆਦਿ ਅਤੇ ਭਾਈ ਭੈਣ ਆਦਿ ਕੋਈ ਵੀ ਜੀਵ ਜਾਂ ਨਿਰਜੀਵ ਪਦਾਰਥ ਜੀਵ ਨੂੰ ਬਚਾਉਣ ਵਿਚ ਸਮਰਥ ਨਹੀਂ। ਇਹ ਜੀਵਨ ਥੋੜਾ ਤੇ ਮਿਟਣ ਵਾਲਾ ਹੈ। ਇਹ ਸਮਝਕੇ ਆਰੰਭ (ਹਿੰਸਾ) ਤੇ ਪਰਿਗ੍ਰਹਿ ਦਾ ਤਿਆਗ ਜੋ ਕਰਦਾ ਹੈ। ਉਹ ਕਰਮ ਬੰਧ ਤੋਂ ਮੁਕਤ ਹੋ ਜਾਂਦਾ ਹੈ। (5)

ਇਸ ਅਧਿਐਨ ਵਿਚ ਭਗਵਾਨ ਮਹਾਂਵੀਰ ਆਖਦੇ ਹਨ। "ਕੋਈ ਕੋਈ ਸ਼੍ਰਮਣ (ਬੋਧ, ਆਜੀਵਕ, ਪਰਿਵਰਾਜਕ, ਤਾਪਸ) ਅਤੇ ਮਾਹਣ (ਬ੍ਰਾਹਮਣ ਜੋ ਕਿ ਬ੍ਰਹਸਪਤਿ ਨਾਸਤਕ ਦਰਸ਼ਨ ਨੂੰ ਮੰਨਦੇ ਹਨ)। ਪਰਮਾਰਥੀ (ਆਤਮਾ ਦੇ ਗਿਆਨ, ਦਰਸ਼ਨ, ਚੇਤਨ ਸਵਰੂਪ) ਨੂੰ ਜਾਣਦੇ ਹੋਏ, ਆਪਣੇ ਹੀ ਮੱਤ ਦੇ ਕਾਰਣ, ਅਰਿਹੰਤ (ਸਰਵਗ, ਤ੍ਰਿਕਾਲ-ਦਰਸ਼ੀ ਵੀਤਰਾਗ ਆਤਮਾ) ਦੇ ਉਪਦੇਸ਼ ਨੂੰ ਤਿਆਗ ਕੇ, ਕਾਮ ਭੋਗ ਵਿਚ ਡੁਬੇ ਰਹਿੰਦੇ ਹਨ। (6)

ਬ੍ਰਹਿਸਪਤੀ ਮਤ ਦੇ ਚਾਰਵਾਕ ਅਨੁਯਾਈ ਆਖਦੇ ਹਨ, "ਇਸ ਜਗਤ ਵਿਚ ਜ਼ਮੀਨ, ਅੱਗ, ਪਾਣੀ, ਹਵਾ ਅਤੇ ਅਕਾਸ਼" ਇਹ ਪੰਜ ਮਹਾਭੂਤ ਹਨ। (ਇਸ ਤੋਂ ਛੁੱਟ ਕੋਈ ਪਦਾਰਥ ਨਹੀਂ ਹੈ। (7)

"ਇਹ ਪੰਜ ਮਹਾਂਭੂਤ ਹਨ। ਇਨ੍ਹਾਂ ਦੇ ਸੰਜੋਗ ਨਾਲ ਇਕ (ਚੇਤਨ ਸ਼ਕਤੀ) ਦੀ ਉਤਪੱਤੀ ਹੁੰਦੀ ਹੈ। ਇਨ੍ਹਾਂ ਪੰਜਾਂ ਦੇ ਵਿਕਾਸ ਨਾਲ ਹੀ ਇਕ (ਚੇਤਨ ਸਕਤੀ) ਦਾ ਵਿਕਾਸ ਹੋ ਜਾਂਦਾ ਹੈ।" (8)

"ਜਿਵੇਂ ਇਕ ਹੀ ਜ਼ਮੀਨ, ਇਕ ਸਮੇਂ ਨਦੀ, ਸਮੁੰਦਰ, ਪਰਬਤ, ਪਿੰਡਾਂ ਤੇ ਸ਼ਹਿਰਾਂ ਦੇ ਰੂਪ ਵਿਚ ਵਿਖਾਈ ਦਿੰਦੀ ਹੈ। ਇਸੇ ਪ੍ਰਕਾਰ ਇਹ ਸਾਰਾ ਪਸਾਰਾ ਇਕ ਆਤਮਾ ਦਾ ਰੂਪ ਹੀ ਹੈ। ਪਰ ਅਨੇਕਾਂ ਢੰਗਾਂ ਵਿਚ ਵਿਖਾਈ ਦੇ ਰਿਹਾ ਹੈ।" (9)

"ਕੋਈ ਕੋਈ ਅਗਿਆਨੀ ਅਜੇਹਾ ਆਖਦੇ ਹਨ ਕਿ 'ਇਕ ਹੀ ਆਤਮਾ ਹੈ', 'ਪਰ ਇਸ ਸੰਸਾਰ ਵਿਚ ਕੁਝ ਪਾਪੀ ਪ੍ਰਾਣੀ, ਪਾਪ ਕਰਕੇ ਦੁਖ ਉਠਾਂਦੇ ਹਨ। ਸਾਰੇ ਪ੍ਰਾਣੀ ਦੁਖ ਕਿਉਂ ਨਹੀਂ ਉਠਾਉਂਦੇ?" (10)

"ਜੋ ਅਗਿਆਨੀ ਹੈ ਅਤੇ ਜੋ ਗਿਆਨੀ ਹੈ ਉਨ੍ਹਾਂ ਸਭ ਦੀ ਆਤਮਾ ਅਲਗ ਅਲਗ ਹੈ ਇਕ ਨਹੀਂ ਹੈ ਹਰ ਸ਼ਰੀਰ ਵਿਚ ਅਲੱਗ ਆਤਮਾ ਹੈ ਪਰ ਮਰਨ ਤੋਂ ਬਾਅਦ, ਆਤਮਾ ਦੀ ਕੋਈ ਹੋਂਦ ਨਹੀਂ। ਸੋ ਪਰਲੋਕ ਵਿਚ ਜਾਣ ਵਾਲਾ ਕੋਈ ਨਿੱਤ (ਅਮਰ) ਪਦਾਰਥ ਨਹੀਂ।" (11)

"ਇਸ ਮੱਤ ਅਨੁਸਾਰ ਨਾ ਪੁੰਨ ਹੈ ਨਾ ਪਾਪ ਹੈ। ਇਸ ਸੰਸਾਰ ਤੋਂ ਛੁੱਟ ਕੋਈ ਸੰਸਾਰ ਨਹੀਂ, ਸ਼ਰੀਰ ਦੇ ਨਾਸ਼ ਹੋ ਜਾਣ ਨਾਲ ਆਤਮਾ ਦਾ ਨਾਸ਼ ਹੋ ਜਾਂਦਾ ਹੈ।" (12)

"ਆਤਮਾ ਨਾ ਖੁਦ ਕਿਰਿਆ ਕਰਦੀ ਹੈ ਨਾ ਦੂਸਰੇ ਰਾਹੀਂ ਕਰਵਾਉਂਦੀ ਹੈ। ਇਸ ਸੰਸਾਰ ਵਿਚ ਉਹ ਸਾਰੀਆਂ ਕਿਰਿਆਵਾਂ ਨਹੀਂ ਕਰਦੀ। ਇਸ ਲਈ ਆਤਮਾ ਅਕਾਰਕ (ਕਰਤਾਪੁਣੇ ਤੋਂ ਰਹਿਤ) ਹੈ।" (13)

"ਜੋ ਲੋਕ ਅਜਿਹਾ ਮੰਨਦੇ ਹਨ ਤਾਂ ਫੇਰ ਚਾਰ ਗਤੀ ਸੰਸਾਰ (ਨਰਕ, ਸਵਰਗ, ਪਸ਼ੂ ਤੇ ਮਨੁਖ) ਕਿਸ ਪ੍ਰਕਾਰ ਹੋ ਸਕਦਾ ਹੈ? ਭਾਵ ਆਤਮਾ ਜੋ ਸ਼ੁਭ ਅਸ਼ੁਭ ਫਲ ਦਾ ਕਰਤਾ ਨਹੀਂ, ਤਾਂ ਇਹ ਜੂਨਾਂ ਦੀ ਗੱਲ ਬੇਕਾਰ ਹੈ।" (14)

ਇਸ ਪ੍ਰਕਾਰ ਉਹ ਅਗਿਆਨੀ ਲੋਕ ਇਕ ਹਨੇਰੇ ਵਿਚੋਂ ਨਿਕਲ ਕੇ ਦੂਸਰੇ ਹਨੇਰੇ ਨੂੰ ਪ੍ਰਾਪਤ ਕਰਦੇ ਹਨ। (15)

"ਆਤਮਾ ਛੱਟ ਵਾਦਿਆਂ ਦੀ ਮਾਨਤਾ ਹੈ। ਪੰਜ ਮਹਾਂਭੂਤ ਹਨ ਅਤੇ ਛੇਵੀਂ ਆਤਮਾ ਹੈ ਆਤਮਾ ਨਿਤ (ਅਮਰ) ਅਤੇ ਲੋਕ ਨਿਤ ਹੈ। (16)

---

ਟਿੱਪਣੀ ਗਾਥਾ ਨੰ: 8—ਚਾਰਵਾਕ ਮਤ ਅਨੁਸਾਰ ਠੀਕ ਪੰਜ ਭੂਤਾਂ ਦੀ ਸਰੀਰ ਦੇ ਵਿਨਾਸ਼ ਤੋਂ ਬਾਅਦ ਕੁਝ ਵੀ ਨਹੀਂ। ਲੋਕ, ਪਰਲੋਕ ਭੋਗਨ ਵਾਲਾ ਸ਼ਰੀਰ ਹੈ। ਆਤਮਾ ਦੀ ਕੋਈ ਵਖ ਹੋਂਦ ਨਹੀਂ।

ਨਿੱਤਵਾਦੀ ਆਖਦੇ ਹਨ, "ਪੰਜ ਮਹਾਂਭੂਤ ਅਤੇ ਆਤਮਾ ਦੋਵੇਂ ਸ਼ੁਭ ਜਾਂ ਅਸ਼ੁਭ ਕਾਰਣ ਵਿਨਾਸ਼ ਨਹੀਂ ਹੁੰਦੇ। ਇਸ ਲਈ ਅਸੱਤ (ਖਤਮ ਹੋਣ ਵਾਲੇ) ਪਦਾਰਥ ਦੀ ਉਤਪੱਤੀ ਨਹੀਂ ਹੁੰਦੀ। ਸਾਰੇ ਹੀ ਪਦਾਰਥ ਹਮੇਸ਼ ਨਿੱਤ (ਅਮਰ) ਹਨ। (17)

ਕੋਈ ਕੋਈ ਅਗਿਆਨੀ ਆਖਦੇ ਹਨ, "ਖਿਨ ਮਾਤਰ ਵਿਚ ਹੀ ਸਥਿਤ ਰਹਿਣ ਵਾਲੇ ਪੰਜ ਸਕੰਦ (ਰੂਪ, ਵੇਦਨਾ, ਵਿਗਿਆਨ, ਸੰਗਿਆ ਅਤੇ ਸੰਸਕਾਰ) ਹਨ। ਇਨ੍ਹਾਂ ਤੋਂ ਭਿੰਨ ਜਾ ਅਭਿੰਨ, ਕਾਰਣ ਤੋਂ ਉਤਪੰਨ ਹੋਣ ਵਾਲਾ ਕੋਈ ਵੱਖ ਪਦਾਰਥ ਨਹੀਂ। (18)

"ਪ੍ਰਿਥਵੀ, ਪਾਣੀ, ਅੱਗ ਅਤੇ ਹਵਾ ਇਹ ਚਾਰ ਧਾਤੂ ਦੇ ਰੂਪ ਹਨ। ਇਹ ਚਾਰੇ ਸਰੀਰ ਦੇ ਰੂਪ ਵਿੱਚ ਬਦਲਦੇ ਹਨ। ਤਦ ਇਹ ਜੀਵ ਆਤਮਾ ਅਖਵਾਉਂਦੀ ਹੈ।" ਇਹ ਅਫੱਲਵਾਦੀਆਂ ਦੀ ਧਾਰਨਾ ਹੈ।" (19)

"ਸਾਰੇ ਮੱਤਾਂ ਵਾਲੇ ਆਪਣੇ ਆਪਣੇ ਦਰਸ਼ਨ ਨੂੰ ਮੁਕਤੀ ਦਾ ਕਾਰਣ ਦਸਦੇ ਹਨ। ਚਾਹੇ ਕੋਈ ਘਰ ਵਿਚ ਰਹਿੰਦਾ ਹੋਵੇ ਜਾਂ ਜੰਗਲ ਵਿਚ, ਜਾਂ ਦੀਖਿਆ ਲੈ ਲਵੇ ਉਹ ਜੀਵ ਸਾਡੇ ਦਰਸ਼ਨ ਨੂੰ ਅੰਗੀਕਾਰ ਕਰਕੇ ਦੁਖਾਂ ਤੋਂ ਛੁਟਕਾਰਾ ਪਾ ਜਾਂਦੇ ਹਨ। ਅਜੇਹਾ ਦੂਸਰੇ ਦਰਸ਼ਨ ਵਾਲੇ ਆਖਦੇ ਹਨ।"(20)

ਉਹ ਪੰਜ ਭੂਤਵਾਦੀ ਗਿਆਨਾਵਰਣੀਆਂ (ਅਗਿਆਨ ਦਾ ਕਾਰਣ ਕਰਮ) ਆਦਿ ਕਰਮਾਂ ਦੀ ਸੰਧੀ (ਛੇਕ) ਨੂੰ ਨਾ ਜਾਣਦੇ ਹੋਏ, ਦੁੱਖਾਂ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦੇ ਹਨ ਪਰ ਉਹ ਦਸ ਪ੍ਰਕਾਰ ਦੇ ਜਤੀ ਧਰਮ ਨੂੰ ਨਹੀਂ ਜਾਣਦੇ। ਇਸ ਪ੍ਰਕਾਰ ਅਫਲਵਾਦੀ ਸੰਸਾਰ ਰੂਪੀ ਸਮੁੰਦਰ ਨੂੰ ਗਲਤ ਧਾਰਨਾਵਾਂ ਕਾਰਣ ਪਾਰ ਨਹੀਂ ਕਰ ਸਕਦੇ।" (21)

" ਉਪਰੋਕਤ ਸਾਰੇ ਤੀਰਥੀ (ਦਰਸ਼ਨ) ਸੰਧੀ (ਕਰਮਾਂ ਦੇ ਛੇਕਾ) ਜਾਣੇ ਬਿਨਾ ਦੁਖਾਂ ਤੋਂ ਹੋਣ ਦੀ ਕ੍ਰਿਆ ਕਰਦੇ ਹਨ। ਪਰ ਉਹ ਧਰਮ ਦੇ ਸਵਰੂਪ ਨੂੰ ਨਹੀਂ ਜਾਣਦੇ।

---

ਟਿੱਪਣੀ ਗਾਥਾ 18— ਬੁਧ ਦਰਸ਼ਨ ਦੀ ਮਾਨਤਾ ਹੈ ਕਿ ਪ੍ਰਿਥਵੀ, ਪਾਣੀ, ਤੇਜ ਅਤੇ ਹਵਾ ਆਦਿ ਚਾਰ ਧਾਤੂ ਰੂਪ ਹਨ। ਉਨ੍ਹਾਂ ਦਾ ਇਕ ਜੀਵ ਸੰਗਿਆ [ਨਾਮ] ਨੂੰ ਪ੍ਰਾਪਤ ਹੁੰਦਾ ਹੈ।

ਟਿੱਪਣੀ ਗਾਥਾ 19— ਦਸ ਪ੍ਰਕਾਰ ਦਾ ਸੱਚਾ ਧਰਮ ਇਸ ਪ੍ਰਕਾਰ ਹੈ : 1. ਖਿਮਾ [ਸਹਿਨਸ਼ੀਲਤਾ] 2. ਲਘੁਤਾ ਨਿਮਰਤਾ 3. ਸਰਲਤਾ 4. ਨਿਰਲੋਭ 5. ਤੱਪ 6. ਸੰਜਮ 7. ਸੱਤ 8. ਸ਼ੌਚ [ਮਾਨਸਿਕ ਪਵਿੱਤਰਤਾ] 9. ਅਪਰਿਗ੍ਰਹਿ [ਜਰੂਰਤ ਤੋਂ ਵਧ ਵਸਤਾਂ ਦਾ ਤਿਆਗ] 10. ਬ੍ਰਹਮਚਰਯ।

ਟਿੱਪਣੀ ਗਾਥਾ 20—ਸੰਧੀ ਦੇ ਦੋ ਭੇਦ ਹਨ, ਸੰਧੀ ਤੋਂ ਭਾਵ ਛੇਕ ਹੈ [ਦਰਵ ਸੰਧੀ] ਦੂਸਰੀ ਭਾਵ ਸੰਧੀ ਹੈ।

ਜੋ ਅਜਿਹੇ ਵਾਦੀ (ਦਰਸ਼ਨ) ਹਨ, ਉਹ ਜਨਮ, ਬਿਮਾਰੀ ਤੇ ਮੌਤ ਨਾਲ ਭਰੇ ਸੰਸਾਰ ਤੋਂ ਪਾਰ ਨਹੀਂ ਹੋ ਸਕਦੇ" । (21)

"ਦੂਸਰੇ ਤੀਰਥੀ ਸੰਧੀ ਨੂੰ ਜਾਣੇ-ਬਿਨਾਂ ਹੀ ਧਾਰਮਿਕ ਕ੍ਰਿਆਵਾਂ ਕਰਦੇ ਹਨ। ਉਹ ਧਰਮ ਨੂੰ ਨਹੀਂ ਜਾਣਦੇ। ਅਜਿਹੇ ਵਾਦੀ ਗਲਤ ਸਿਧਾਂਤਾਂ ਕਾਰਣ ਸੰਸਾਰ ਤੋਂ ਪਾਰ ਨਹੀਂ ਹੋ ਸਕਦੇ।" (22)

ਇਸ ਤਰ੍ਹਾਂ ਚਾਰ ਵਰਨ ਆਦਿ ਹੋਰ ਤੀਰਥੀ, ਸੰਧੀ ਨੂੰ ਜਾਣੇ ਬਿਨਾਂ ਕ੍ਰਿਆ ਕਰਦੇ ਹਨ। ਉਹ ਧਰਮ ਨਹੀਂ ਜਾਣਦੇ। ਅਜਿਹੇ ਵਾਦੀ ਮਿਥਿਆਤਵ ਸਿਧਾਂਤਾਂ ਕਾਰਣ ਸੰਸਾਰ ਨੂੰ ਪਾਰ ਨਹੀਂ ਕਰ ਸਕਦੇ।"(23)

"ਹੋਰ ਤੀਰਥੀ ਸੰਧੀ ਨੂੰ ਜਾਣੇ ਬਿਨਾਂ ਕ੍ਰਿਆ ਕਰਦੇ ਹਨ। ਉਹ ਧਰਮ ਦੇ ਸਵਰੂਪ ਨੂੰ ਨਹੀਂ ਸਮਝਦੇ। ਅਜਿਹੇ ਜੋ ਵਾਦੀ ਹਨ ਉਹ ਮਿਥਿਆ (ਗਲਤ) ਆਖਦੇ ਹਨ। ਉਹ ਦੁਖਾਂ ਨੂੰ ਪਾਰ ਨਹੀਂ ਕਰ ਸਕਦੇ।" (24)

"ਦੂਸਰੇ ਤੀਰਥੀ ਸੰਧੀ ਨੂੰ ਜਾਣਦੇ ਹੋਏ ਕਰਮ ਬੰਧਨ ਤੋਂ ਮੁਕਤ ਹੋਣ ਲਈ ਕ੍ਰਿਆਵਾਂ ਕਰਦੇ ਹਨ। ਪਰ ਉਹ ਧਰਮ ਦੇ ਅਸਲ ਸਵਰੂਪ ਨਹੀਂ ਸਮਝਦੇ। ਇਹ ਮਿਥਿਆ ਸਿਧਾਂਤ ਦੇ ਉਪਦੇਸ਼ਕ ਮੌਤ ਤੇ ਜਿੱਤ ਹਾਸਿਲ ਨਹੀਂ ਕਰ ਸਕਦੇ। (ਭਾਵ ਇਹ ਜਨਮ-ਮਰਨ ਦ ਗੇੜੇ ਵਿਚ, ਅਗਿਆਨਤਾ ਕਾਰਣ ਫਸੇ ਰਹਿੰਦੇ ਹਨ) (25)

"ਇਸੇ ਪ੍ਰਕਾਰ ਮਿਥਿਆ ਆਖਣ ਵਾਲੇ ਮੌਤ, ਪੀੜ ਬੁਢਾਪੇ ਨਾਲ ਭਰੇ ਸੰਸਾਰ ਰੂਪੀ ਚੱਕਰ ਵਿਚ ਭਿੰਨ-ਭਿੰਨ ਪ੍ਰਕਾਰ ਦੇ ਦੁਖ ਅਨੁਭਵ ਕਰਦੇ ਹਨ। (26)

ਸ੍ਰੀ ਸੁਧਰਮਾ ਸੁਵਾਮੀ ਸ੍ਰੀ ਜੰਬੂ ਸਵਾਮੀ ਨੂੰ ਆਖਦੇ ਹਨ "ਹੇ ਸ਼ਿਸ਼। ਆਤਮਾ ਜੇਤੂ (ਜਿਨੋਤਮ) ਨੇ ਅਜਿਹਾ ਆਖਿਆ ਹੈ ਕਿ ਇਹ ਵਾਦੀ (ਗਲਤ ਸ਼ਰਧਾ, ਗਿਆਨ, ਗਲਤ ਧਾਰਨਾ ਕਾਰਣ) ਉਚ ਨੀਚ ਗਤੀਆਂ ਵਿਚ ਗਰਭ ਧਾਰਨ ਕਰਦੇ ਹਨ। ਅਜਿਹਾ ਮੈਂ (ਭਗਵਾਨ ਮਹਾਵੀਰ) ਅਨੁਸਾਰ ਆਖਦਾ ਹਾਂ। (27)

# ਦੂਸਰਾ ਉਦੇਸ਼ਕ

ਨਿਯਤੀਵਾਦੀ ਆਖਦੇ ਹਨ—"ਜੀਵ-ਆਤਮਾ ਹਰ ਜੀਵ [ਸ਼ਰੀਰ] ਵਿਚ ਅਲਗ ਅਲਗ ਹੈ। ਇਹ ਹਾਲਤ ਸਿੱਧ ਕਰਦੀ ਹੈ ਕਿ [ਆਤਮਾ] ਅੱਡ ਅੱਡ ਹੀ ਸੁੱਖ-ਦੁੱਖ ਨੂੰ ਭੋਗਦੀਆਂ ਹਨ ਅਤੇ ਅੱਡ ਅੱਡ ਹੀ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ [ਜਨਮ-ਮਰਨ] ਕਰਦੀਆਂ ਹਨ।" (1)

ਜਗਤ ਦੇ ਜੀਵ ਜੋ ਸੁੱਖ-ਦੁੱਖ ਭੋਗਦੇ ਹਨ, ਉਹ ਉਨ੍ਹਾਂ ਦਾ ਆਪਣਾ ਕੀਤਾ ਹੋਇਆ [ਕਰਮਬੰਧ] ਨਹੀਂ ਹੈ ਅਤੇ ਨਾ ਹੀ ਹੋਰ ਈਸ਼ਵਰ ਜਾਂ ਸੁਭਾਅ ਕਾਰਨ ਹੈ। ਜੇ ਖੁਦ ਕੀਤਾ ਹੁੰਦਾ, ਤਾਂ ਇਕੋ ਤਰ੍ਹਾਂ ਦੀ ਮਿਹਨਤ ਜਾਂ ਕ੍ਰਿਆ ਦਾ ਇਕ ਤਰ੍ਹਾਂ ਦਾ ਦੁੱਖ-ਸੁੱਖ ਹੁੰਦਾ। ਪਰ ਅਜਿਹੀ ਇਕਸੁਰਤਾ ਵਿਖਾਈ ਨਹੀਂ ਦਿੰਦੀ। ਇਸੇ ਕਾਰਣ ਈਸ਼ਵਰ, ਕਾਲ, ਸੁਭਾਵ ਤੋਂ ਸੁੱਖ-ਦੁੱਖ ਦੀ ਉੱਤਪੱਤੀ ਸਿੱਧ ਨਹੀਂ ਹੁੰਦੀ। ਇਸ ਤਰ੍ਹਾਂ ਸਿੱਧਿਕ (ਸਿੱਧੀ ਰਾਹੀਂ ਉਤਪੰਨ) ਅਸਿੱਧਿਕ [ਅਸਿੱਧੀ ਤੋਂ ਉੱਤਪੰਨ] ਸੁੱਖ-ਦੁੱਖ ਨਾ ਆਪਣੇ ਰਾਹੀਂ ਕੀਤਾ ਜਾਂਦਾ ਹੈ ਨਾ ਕਿਸੇ ਹੋਰ ਰਾਹੀਂ ਕੀਤਾ ਜਾਂਦਾ ਹੈ। (2)

"ਅੱਡ ਅੱਡ ਜੀਵ ਜਿਸ ਸੁੱਖ-ਦੁੱਖ ਦਾ ਵੇਦਨ (ਭੋਗ) ਕਰਦੇ ਹਨ, ਉਹ ਨਾ ਜੀਵ ਆਤਮਾ ਨੇ ਆਪ ਕੀਤਾ ਹੋਇਆ ਹੈ ਨਾ ਹੀ ਕਿਸੇ ਹੋਰ ਸ਼ਕਤੀ ਨੇ ਕੀਤਾ ਹੈ। ਜੀਵਾਂ ਦਾ ਉਹ ਦੁੱਖ ਸੁੱਖ ਨਿਯਤੀ (ਹੋਣੀ) ਰਾਹੀਂ ਉਤਪੰਨ ਹੁੰਦਾ ਹੈ।" ਅਜਿਹਾ ਨਿਯਤੀਵਾਦੀ ਆਖਦੇ ਹਨ [ਹੋਣੀ ਬਲਵਾਨ ਹੈ ਹੋਣੀ ਅੱਗੇ ਕਿਸੇ ਦੀ ਨਹੀਂ ਚਲਦੀ। ਮਨੁੱਖ ਦਾ ਕਰਮ, ਪੁਰਸ਼ਾਰਥ ਕਰਨਾ ਬੇਕਾਰ ਹੈ। ਕਿਉਂਕਿ ਸਭ ਕੁਝ ਪਹਿਲਾਂ ਤੋਂ ਜੀਵ ਲਈ ਨਿਯਤ ਹੁੰਦਾ ਹੈ।] (3)

ਇਸ ਤਰ੍ਹਾਂ ਸੁੱਖ ਦੁੱਖ ਨੂੰ ਨਿਯਤੀਕ੍ਰਿਤ ਆਖਣ ਵਾਲੇ ਅਗਿਆਨੀ ਹਨ ਪਰ ਫੇਰ ਵੀ ਖੁਦ ਨੂੰ ਪੰਡਤ ਤੇ ਗਿਆਨੀ ਆਖਦੇ ਹਨ। ਸੁੱਖ ਦੁੱਖ ਨਿਯਤੀ ਕ੍ਰਿਤ ਵੀ ਹੈ ਅਤੇ ਅਨਿਯਤੀ ਕ੍ਰਿਤ ਵੀ ਹੈ। ਪਰ ਇਹ ਸਿੱਧਾਂਤ (ਅਨੇਕਾਂਤਵਾਦ) ਨੂੰ ਨਾ ਜਾਨਣ ਕਾਰਣ ਉਹ ਇਕਾਂਤ (ਇਕ ਪੱਖ) ਨੂੰ ਹੀ ਨਿਯਤੀ ਰੂਪ [ਹੋਣੀ ਦਾ ਕਾਰਣ] ਮੰਨਦੇ ਹਨ, ਅਜਿਹੇ ਲੋਕ ਮੂਰਖ ਹਨ। (4)

ਇਸੇ ਪ੍ਰਕਾਰ ਸਭ ਪਦਾਰਥਾਂ ਨੂੰ ਏਕਾਂਤ ਰੂਪ ਵਿਚ ਨਿਯਤੀ ਦਾ ਕਾਰਣ ਮੰਨਣ ਵਾਲੇ ਪਾਰਸ਼ਵਥ (ਬਿਨਾ ਤਰਕ ਤੋਂ ਗੱਲ ਕਰਨ ਵਾਲੇ) ਵਾਰ ਵਾਰ ਇਕ ਨਿਯਤੀ ਨੂੰ ਹੀ ਕਰਤਾ ਆਖਣ ਦਾ ਧੋਖਾ ਕਰਦੇ ਹਨ। ਉਹ ਆਪਣੀ ਮਾਨਤਾ ਦੇ ਰਾਹੀਂ ਪਰਲੋਕ ਦੀ ਕ੍ਰਿਆ ਸੁਧਾਰਦੇ ਹੋਏ ਵੀ ਦੁੱਖਾਂ ਤੋਂ ਮੁਕਤ ਨਹੀਂ ਹੋ ਸਕਦੇ। (5)

ਜਿਵੇਂ ਬੇ ਸਹਾਰਾ, ਡਰਿਆ ਮਿਰਗ, ਪ੍ਰਾਣ ਬਚਾਉਂਣ ਲਈ ਭੱਜਦਾ ਹੋਇਆ, ਜਿੱਥੇ ਜਾਲ ਨਹੀਂ ਹੁੰਦਾ ਉਥੇ ਵੀ ਜਾਲ ਮੰਨਦਾ ਹੈ। ਜਿੱਥੇ ਜਾਲ ਹੋਵੇ, ਉੱਥੇ ਉਸ ਨੂੰ ਜਾਲ ਨਹੀਂ ਦਿਸਦਾ। ਉਹ ਡਰਦਾ ਹੋਇਆ, ਸੁਰਖਿਅਕ ਥਾਂ ਨੂੰ ਅਸੁਰਖਿਅਕ ਸਮਝਦਾ ਹੈ ਅਤੇ ਅਸੁਰਖਿਅਕ ਥਾਂ ਨੂੰ ਸੁਰਖਿਅਕ। ਇਸ ਪ੍ਰਕਾਰ ਅਗਿਆਨ ਤੋਂ ਡਰ ਕਾਰਣ ਮਿਰਗ ਰੱਸੇ ਵਾਲੀ ਜਗ੍ਹਾ ਤੇ ਹੀ ਜਾ ਪਹੁੰਚਦਾ ਹੈ। ਜੇ ਉਹ ਮਿਰਗ ਰੱਸੇ ਦੇ ਉੱਪਰ ਜਾਂ ਹੇਠਾਂ ਤੋਂ ਨਿਕਲ ਜਾਵੇ ਤਾਂ ਬਚ ਸਕਦਾ ਹੈ। ਪਰ ਮੂਰਖ ਮਿਰਗ ਇਹ ਨਹੀਂ ਜਾਣਦਾ। (6-8)

ਆਪਣਾ ਬੁਰਾ ਕਰਨ ਵਾਲਾ, ਗਲਤ ਬੁੱਧੀ ਦਾ ਮਾਲਕ ਬੰਧਨ ਨੂੰ ਪ੍ਰਾਪਤ ਹੋਇਆ ਉਹ ਮਿਰਗ, ਬੰਧਨ ਕਾਰਣ, ਵਿਨਾਸ਼ ਨੂੰ ਪ੍ਰਾਪਤ ਹੁੰਦਾ ਹੈ। (9)

ਇਸ ਤਰ੍ਹਾਂ ਕਈ ਗਲਤ ਧਾਰਨਾ ਦੇ ਮਾਲਿਕ ਸ਼੍ਰਮਣ (ਮੁਨੀ), ਸ਼ੰਕਾ ਦੇ ਅਯੋਗ ਧਰਮ ਪ੍ਰਤਿ ਸ਼ੰਕਾ ਕਰਦੇ ਹਨ ਅਤੇ ਸ਼ੰਕਾ ਕਰਨ ਯੋਗ ਧਰਮ ਪ੍ਰਤਿ ਸ਼ੰਕਾ ਨਹੀਂ ਕਰਦੇ। (10)

ਉਹ ਮੂਰਖ, ਸ਼ਾਸਤਰ ਗਿਆਨ ਤੋਂ ਰਹਿਤ ਅਗਿਆਨਵਾਦੀ ਖਿਮਾ ਆਦਿ ਧਰਮ ਦੀ ਸੱਚੀ ਵਿਆਖਿਆ ਪ੍ਰਤਿ ਤਾਂ ਸ਼ਕ ਕਰਦੇ ਹਨ ਪਰ, ਪਾਪਾਂ ਦੇ ਕਾਰਣ ਆਰੰਭ (ਹਿੰਸਾ) ਪ੍ਰਤਿ ਸ਼ੱਕ ਨਹੀ ਕਰਦੇ। (11)

ਸਭ ਪ੍ਰਕਾਰ ਦੇ ਲੋਭ, ਮਾਨ, ਮਾਇਆ ਤੇ ਕਰੋਧ ਦਾ ਨਾਸ਼ ਕਰਕੇ ਜੀਵ ਕਰਮ ਰਹਿਤ ਹੋ ਜਾਂਦਾ ਹੈ। ਪਰ ਮਿਰਗ ਦੀ ਤਰ੍ਹਾਂ ਅਗਿਆਨੀ ਜੀਵ, ਇਹ ਗਲ ਨਾ ਸਮਝਕੇ ਇਸ ਕਰਤੱਵ (ਧਰਮ ਦੇ) ਨੂੰ ਵਿਸਾਰ ਦਿੰਦਾ ਹੈ। (12)

ਜੋ ਮਿਥਿਆਤਵੀ (ਅਗਿਆਨੀ) ਅਨਾਰਿਆ (ਸਭਿਅਤਾ ਹੀਣ) ਪੁਰਸ਼ ਤੱਥ ਨਹੀਂ ਸਮਝਦੇ, ਉਹ ਜਾਲ ਵਿਚ ਫਸੇ ਮਿਰਗ ਦੀ ਤਰ੍ਹਾਂ ਵਾਰ ਵਾਰ ਜਨਮ ਮਰਨ ਨੂੰ ਪ੍ਰਾਪਤ ਕਰਦੇ ਹਨ। (13)

ਕਈ ਬ੍ਰਾਹਮਣ ਅਤੇ ਸ਼੍ਰਮਣ ਆਪਣੇ ਗਿਆਨ ਨੂੰ ਠੀਕ ਸਮਝਦੇ ਹਨ। ਸੰਸਾਰ ਦੇ ਜੋ ਪ੍ਰਾਣੀ ਹਨ, ਉਹ ਉਨ੍ਹਾਂ ਬਾਰੇ ਕੁਝ ਨਹੀਂ ਜਾਣਦੇ। (14)

ਅਗਿਆਨੀਵਾਦੀ ਆਖਦੇ ਹਨ, "ਜਿਵੇਂ ਆਰਿਆ (ਸਰੇਸ਼ਟ) ਭਾਸ਼ਾ ਤੋਂ ਅਨਜਾਣ ਮਲੇਛ ਪੁਰਸ਼, ਆਰਿਆ ਪੁਰਸ਼ ਦੇ ਬਚਨਾਂ ਨੂੰ ਦੋਹਰਾ ਦਿੰਦਾ ਹੈ। ਪਰ ਇਸ ਕਥਨ ਦੇ ਭਾਵ ਨੂੰ ਨਹੀਂ ਸਮਝਦਾ। ਉਹ ਬੋਲੇ ਹੋਏ ਸ਼ਬਦਾਂ ਦਾ ਅਨੁਵਾਦ ਕਰ ਦਿੰਦਾ ਹੈ। ਇਸ ਪ੍ਰਕਾਰ ਅਗਿਆਨੀ ਬ੍ਰਾਹਮਣ ਤੇ ਸ਼੍ਰਮਣ ਆਪਣਾ ਗਿਆਨ ਦਸੱਦੇ ਹਨ। ਅਪਣੇ ਅਪਣੇ ਮੱਤ ਨੂੰ ਪ੍ਰਗਟ ਵੀ ਕਰਦੇ ਹਨ ਪਰ ਗਿਆਨ ਦੇ ਸਚੇ ਅਰਥ ਨੂੰ ਨਹੀਂ ਸਮਝਦੇ। ਇਸੇ ਲਈ ਇਸ ਪ੍ਰਕਾਰ ਦੇ ਸ਼੍ਰਮਣ ਬ੍ਰਾਹਮਣ ਮਲੇਛ ਦੀ ਤਰ੍ਹਾਂ ਹਨ ਅਤੇ ਉਨ੍ਹਾਂ ਦਾ ਭਾਸ਼ਨ ਅਨੁਵਾਦ ਹੀ ਹੁੰਦਾ ਹੈ। (15-16)

ਅਗਿਆਨਵਾਦੀ ਅਗਿਆਨ ਅੰਗੀਕਾਰ ਕਰਕੇ ਇਹ ਮੰਨਦੇ ਹਨ "ਅਗਿਆਨ ਹੀ ਉੱਤਮ ਹੈ।" ਪਰ ਉਨ੍ਹਾਂ ਦਾ ਇਹ ਨਿਰਣਾ ਰੂਪੀ ਗਿਆਨ ਠੀਕ ਨਹੀਂ । ਅਗਿਆਨਵਾਦੀ ਨਾ ਖੁਦ ਸਮਝਦੇ ਹਨ, ਨਾ ਦੂਸਰਿਆਂ ਨੂੰ ਸਮਝਾ ਸਕਦੇ ਹਨ । ਕਿਉਂਕਿ 'ਅਗਿਆਨ ਹੀ ਉੱਤਮ ਹੈ ।' ਇਸ ਸਿੱਧਾਂਤ ਨੂੰ ਸਮਝਣ ਲਈ ਵੀ ਗਿਆਨ ਜਰੂਰੀ ਹੈ। ਅਗਿਆਨਵਾਦੀ ਗਿਆਨ ਨਾਲ ਜੋ ਅਗਿਆਨ ਨੂੰ ਸਰਵ ਉੱਚ ਆਖੇਗਾ, ਤਾਂ ਉਸਦਾ ਅਗਿਆਨਵਾਦ ਅਸੰਗਤ ਹੋ ਜਾਵੇਗਾ । (17)

(ਅਗਿਆਨਵਾਦ ਸਿੱਧਾਂਤ ਦੀ ਸਪਸ਼ਟ ਵਿਰੁੱਧਤਾ ਕਰਦੇ ਹੋਏ ਭਗਵਾਨ ਆਖਦੇ ਹਨ) "ਜਿਵੇਂ ਜੰਗਲ ਵਿਚ ਅਨਜਾਣ ਰਾਹੀ, ਦੂਸਰੇ ਅਨਜਾਣ ਰਾਹੀ ਦੇ ਪਿਛੇ-ਪਿਛੇ ਚਲਦਾ ਹੈ ਤਾਂ ਉਹ ਦੋਵੇਂ ਹੀ ਮੰਜਿਲ ਤੇ ਨਾ ਅਪੜਨ ਦਾ ਦੁੱਖ ਪ੍ਰਾਪਤ ਕਰਦੇ ਹਨ ।" (18)

ਜਿਵੇਂ ਅੰਨ੍ਹਾ ਮਨੁੱਖ ਦੂਸਰੇ ਅੰਨ੍ਹੇ ਨੂੰ ਨਾਲ ਲੈ ਜਾਵੇ ਤਾਂ ਉਹ ਗਲਤ ਮਾਰਗ ਤੇ ਪਹੁੰਚ ਜਾਂਦਾ ਹੈ, ਸਹੀ ਰਾਹ ਤੇ ਨਹੀਂ ਪਹੁੰਚ ਸਕਦਾ ਹੈ । (19)

ਇਸੇ ਤਰ੍ਹਾਂ ਕੁਝ ਮੁਕਤੀ ਅਭਿਲਾਸ਼ੀ ਆਖਦੇ ਹਨ, 'ਅਸੀਂ ਧਰਮ ਦੀ ਅਰਾਧਨਾ ਕਰਦੇ ਹਾਂ' ਪਰ ਉਹ ਜੀਵ ਦੀ ਹਿੰਸਾ ਕਰਦੇ ਹੋਏ, ਪਾਪ ਦਾ ਉਪਦੇਸ਼ ਕਰਕੇ, ਗਲਤ ਅਧਰਮ ਦਾ ਰਾਹ ਅਪਨਾਉਂਦੇ ਹਨ । ਉਹ ਸੰਜਮ ਨੂੰ ਪ੍ਰਾਪਤ ਨਹੀਂ ਕਰ ਸਕਦੇ । ਭਾਵ ਹਿੰਸਕ ਪਾਪੀ ਲੋਕ ਚਾਹੁੰਦੇ ਹੋਏ ਵੀ ਮੋਕਸ਼ ਮਾਰਗ ਤੇ ਨਹੀਂ ਚਲ ਸਕਦੇ । (20)

ਇਸੇ ਤਰ੍ਹਾਂ ਕਈ ਮੂਰਖ, ਲੋਕ ਪੁਰਾਣੀਆਂ ਗਲਤ ਧਾਰਨਾਂ ਦੇ ਅਧੀਨ ਚਲਦੇ ਹੋਏ, ਗਿਆਨੀ [ਧਾਰਮਿਕ] ਦੀ ਉਪਾਸਨਾ ਨਹੀਂ ਕਰ ਸਕਦੇ । ਉਹ ਆਪਣੇ ਗਲਤ ਤਰਕਾਂ-ਵਿਤਰਕਾਂ ਰਾਹੀਂ ਕੁਰਾਹੇ ਪੈ ਜਾਂਦੇ ਹਨ । (21)

ਜਿਵੇਂ ਪਿੰਜਰੇ ਵਿਚ ਘਿਰਿਆ ਪੰਛੀ, ਪਿੰਜਰਾ ਤੋੜ ਕੇ ਬਾਹਰ ਨਹੀਂ ਨਿਕਲ ਸਕਦਾ, ਉਸੇ ਤਰ੍ਹਾਂ ਤਰਕ ਰਾਹੀਂ ਆਪਣੇ ਆਪਣੇ ਮੱਤਾਂ ਨੂੰ ਸੱਚਾ ਸਿੱਧ ਕਰਨ ਵਾਲਾ, ਧਰਮ ਤੇ ਅਧਰਮ ਨੂੰ ਨਹੀਂ ਸਮਝ ਸਕਦਾ । (22)

ਆਪਣੇ ਆਪਣੇ ਦਰਸ਼ਨ ਦੀ ਪ੍ਰਸ਼ੰਸਾ ਕਰਨ ਵਾਲੇ ਜਾਂ ਹੋਰ ਦਰਸ਼ਨਾਂ ਦੀ ਨਿੰਦਾ ਕਰਨ ਵਾਲੇ ਆਪਣੀ ਪੰਡਤਾਈ ਵਿਖਾਉਂਦੇ ਹਨ । ਅਜਿਹੇ ਲੋਕ ਸੰਸਾਰ ਵਿਚ ਜੰਮਦੇ ਤੇ ਮਰਦੇ ਰਹਿੰਦੇ ਹਨ । (23)

ਇਹ ਕ੍ਰਿਆਵਾਦੀ ਕਰਮ ਦੀ ਚਿੰਤਾ ਤੋਂ ਰਹਿਤ ਹਨ । ਭਾਵ ਕਰਮ ਬੰਧਨ ਨੂੰ ਨਹੀਂ ਜਾਣਦੇ । ਇਸ ਲਈ ਇਹ ਦਰਸ਼ਨ ਵੀ ਸੰਸਾਰ ਦੇ ਚੱਕਰ ਵਿਚ ਭਟਕਾਉਣ ਵਾਲਾ ਹੈ (24)

ਕ੍ਰਿਆਵਾਦੀ ਆਖਦੇ ਹਨ । "ਜੋ ਮਨੁੱਖ ਜਾਣਦਾ ਹੋਇਆ ਮਨ ਰਾਹੀਂ ਕਿਸੇ ਜੀਵ ਦੀ ਹਿੰਸਾ ਕਰਦਾ ਹੈ, ਪਰ ਸ਼ਰੀਰ ਰਾਹੀਂ ਨਹੀਂ ਕਰਦਾ ਅਤੇ ਜੋ ਮਨੁੱਖ ਨਾ ਜਾਣਦਾ ਹੋਇਆ ਸਿਰਫ ਸ਼ਰੀਰ ਰਾਹੀਂ ਜੀਵ ਹਿੰਸਾ ਕਰਦਾ ਹੈ ਪਰ ਮਨ ਰਾਹੀਂ ਹਿੰਸਾ ਨਹੀਂ ਕਰਦਾ ਉਹ ਸਿਰਫ ਸਪਰਸ਼ ਮਾਤਰ (ਥੋੜਾ) ਕਰਮ ਬੰਧ ਕਰਦਾ ਹੈ । ਕਿਉਂਕਿ ਇੱਕ ਮਨ ਅਤੇ ਇਕੱਲੇ ਸ਼ਰੀਰ ਰਾਹੀਂ ਹੋਣ ਵਾਲੀ ਹਿੰਸਾ ਦਾ ਪਾਪ ਵਿਖਾਈ ਨਹੀਂ ਦਿੰਦਾ । (25)

ਕ੍ਰਿਆਵਾਦੀ ਅਨੁਸਾਰ ਕਰਮ ਬੰਧ ਦੇ ਤਿੰਨ ਕਾਰਣ ਹਨ । ਜਿਸ ਰਾਹੀਂ ਪਾਪ ਕਰਮ ਬੰਧ ਹੁੰਦਾ ਹੈ । 1. ਕਿਸੇ ਪ੍ਰਾਣੀ ਦਾ ਘਾਤ ਕਰਨ ਲਈ ਹਮਲਾ ਕਰਨਾ । 2. ਦੂਸਰੇ ਰਾਹੀਂ ਹੁਕਮ ਦੇ ਕੇ ਅਜੇਹਾ ਕਰਵਾਉਣਾ । 3. ਪ੍ਰਾਣ ਘਾਤ ਕਰਨ ਵਾਲੇ ਦਾ ਮਨ ਨਾਲ ਸਮਰਥਨ ਕਰਨਾ । (26)

ਇਹ ਤਿੰਨ ਆਦਾਨ ਹੀ ਪਾਪ ਕਰਮ ਬੰਧ ਦੇ ਕਾਰਣ ਹਨ । ਜਿਸ ਰਾਹੀਂ ਪਾਪ ਕਰਮ ਹੁੰਦਾ ਹੈ । ਭਾਵ ਸ਼ੁਧੀ ਤੋਂ ਬਾਅਦ ਕਰਮ ਬੰਧ ਨਹੀਂ । ਕਰਮ ਬੰਧ ਨਾ ਹੋਣ ਨਾਲ ਹੀ ਮੋਕਸ਼ ਪ੍ਰਾਪਤ ਹੁੰਦਾ ਹੈ । (27)

"ਕਿਸੇ ਮੁਸੀਬਤ ਸਮੇਂ ਜੇ ਪਿਤਾ, ਪੁੱਤਰ ਨੂੰ ਮਾਰ ਕੇ ਰਾਗ ਦਵੇਸ਼ (ਮਮਤਾ ਤੇ ਵੈਰ) ਰਹਿਤ ਹੋ ਕੇ ਉਸ ਦਾ ਮਾਸ ਖਾਵੇ । ਸਾਧੂ ਰਾਗ ਦਵੇਸ਼ ਰਹਿਤ ਹੋ ਕੇ ਮਾਸ ਖਾਵੇ ਤਾਂ ਉਹ ਕਰਮ ਬੰਧ ਨੂੰ ਪ੍ਰਾਪਤ ਨਹੀਂ ਹੁੰਦਾ ।" (28)

ਪਰ ਅਨੇਕੋਰਥੀ (ਦੂਸਰੇ ਮੱਤਾਂ) ਦੇ ਇਹ ਕਥਨ ਮੰਨਣ ਯੋਗ ਨਹੀਂ । ਕਿਉਂਕਿ ਮਨ ਰਾਹੀਂ ਰਾਗ-ਦਵੇਸ਼ ਕਰਦੇ ਹਨ ਉਹਨਾਂ ਦਾ ਮਨ ਸ਼ੁੱਧ ਨਹੀਂ ਹੁੰਦਾ ਅਤੇ ਅਸ਼ੁੱਧ ਮਨ ਵਾਲਾ ਸੰਬਰ (ਕਰਮ ਬੰਧ ਨੂੰ ਰੋਕਣ ਦੀ ਪ੍ਰਕ੍ਰਿਆ) ਨੂੰ ਨਹੀਂ ਪ੍ਰਾਪਤ ਹੁੰਦਾ । ਕਰਮ ਬੰਧ ਦਾ ਮੁੱਖ ਕਾਰਣ ਹੈ, ਮਨ ਵਿਉਪਾਰ (ਸ਼ੁਭ ਤੇ ਅਸ਼ੁਭ ਭਾਵ) ਇਸ ਲਈ ਮਨ ਰਾਹੀਂ, ਰਾਗ ਦਵੇਸ਼ ਹੋਣ ਕਾਰਣ ਕਰਮ ਬੰਧ ਜ਼ਰੂਰ ਹੋਵੇਗਾ । ਇਨ੍ਹਾਂ ਦਰਸ਼ਨਾਂ ਦੇ ਧਾਰਕ ਸੰਸਾਰਿਕ ਸੁਖਾਂ ਤੇ ਮਾਨ ਸਨਮਾਨ ਵਿੱਚ ਲੱਗੇ ਰਹਿੰਦੇ ਹਨ । ਉਹ ਆਪਣੇ ਆਪਣੇ ਦਰਸ਼ਨ ਨੂੰ ਮੁਕਤੀ ਦਾ ਕਾਰਣ ਸਮਝਕੇ ਪਾਪ ਕਰਮ ਕਰਦੇ ਰਹਿੰਦੇ ਹਨ । (29)

ਇਨ੍ਹਾਂ ਦਰਸ਼ਨੀ (ਵਿਚਾਰ-ਧਾਰਾਵਾਂ) ਨੂੰ ਅੰਗੀਕਾਰ ਕਰਕੇ ਕਈ ਲੋਕ ਸੰਸਾਰਿਕ ਸੁੱਖਾਂ, ਮਾਨ, ਸਨਮਾਨ ਵਿਚ ਡੁਬ ਜਾਂਦੇ ਹਨ । ਉਹ ਆਪਣੀ ਵਿਚਾਰਧਾਰਾ ਨੂੰ ਸਹਾਰਾ ਲੈ ਕੇ ਪਾਪ ਕਰਦੇ ਹਨ । (30)

ਜਿਵੇਂ ਕੋਈ ਅੰਨ੍ਹਾ, ਛੇਕ ਵਾਲੀ ਕਿਸ਼ਤੀ ਤੇ ਚੜ੍ਹ ਕੇ ਅਗਿਆਨਤਾਵਸ਼ ਨਦੀ ਤੋਂ ਪਾਰ ਪਹੁੰਚਣ ਦੀ ਇੱਛਾ ਕਰਦਾ ਹੈ । ਪਰ ਉਹ ਪਾਰ ਨਾ ਪਹੁੰਚ ਕੇ ਵਿਚਕਾਰ ਹੀ ਡੁੱਬ

ਜਾਂਦਾ ਹੈ। ਇਸੇ ਪ੍ਰਕਾਰ ਕਈ ਮਿਥਿਆ ਦਰਿਸ਼ਟੀ ਸ਼੍ਰਮਣ ਅਤੇ ਅਨਾਰਿਆ ਸ਼੍ਰਮਣ (ਸਾਧੂ) ਸੰਸਾਰ ਨੂੰ ਪਾਰ ਕਰਨਾ ਚਾਹੁੰਦੇ ਹਨ, ਪਰ ਸੰਸਾਰ ਵਿਚ ਭਟਕਦੇ ਰਹਿੰਦੇ ਹਨ। ਇਸ ਪ੍ਰਕਾਰ ਮੈਂ ਆਖਦਾਂ ਹਾਂ। (31-32)

---

ਟਿੱਪਣੀ ਗਾਥਾ 31-32— ਜਿਸ ਦੇ ਚਹੁੰ ਪਾਸੇ ਪਾਣੀ ਹੋਵੇ, ਉਸਨੂੰ ਆਸ੍ਰਾਵਿਣੀ ਆਖਦੇ ਹਨ। ਇਸ ਆਸਤਰਵਨੀ ਤੋਂ ਭਾਵ ਛੇਕ ਵਾਲੀ ਕਿਸ਼ਤੀ ਹੈ।

(ਟੀਕਾਕਾਰ ਸੀਲਾਂਕਾ ਆਚਾਰਿਆ)



# ਤੀਸਰਾ ਉਦੇਸ਼ਕ

"ਜੋ ਭੋਜਨ ਸ਼ਰਧਾਵਾਨ ਉਪਾਸਕ ਨੇ ਆਉਣ ਵਾਲੇ ਭਿਖਸ਼ੂ ਨਮਿਤ ਬਨਾਇਆ ਹੈ। ਜਿਸ ਭੋਜਨ ਵਿਚ ਆਧਾਕਰਮੀ (ਨਮਿਤ ਭੋਜਨ) ਦਾ ਕਣ ਮਾਤਰ ਵੀ ਬਾਕੀ ਹੈ । ਭਾਵੇਂ ਉਹ ਭੋਜਨ ਹਜਾਰ ਘਰਾਂ ਦੀ ਦੂਰੀ ਤੋਂ ਲਿਆਇਆ ਹੋਵੇ। ਅਜਿਹਾ ਭੋਜਨ ਕਰਨ ਵਾਲਾ ਬਾਹਰਲੇ (ਦਰਵ) ਰੂਪ ਵਿਚ ਹੀ ਸਾਧੂ ਹੈ ਪਰ ਅੰਦਰਲੇ (ਭਾਵ) ਰੂਪ ਵਿਚ ਤਾਂ ਉਹ ਗ੍ਰਹਿਸਥ ਹੈ ਸੋ ਆਪਣੇ ਲਈ ਬਨਾਇਆ ਭੋਜਨ ਆਧਾਕਰਮੀ ਹੋਣ ਕਰਕੇ ਸ਼ੁਧ ਹੋਣ ਦੇ ਬਾਵਜੂਦ ਵੀ ਵਰਤੋਂ ਯੋਗ ਨਹੀਂ। (1)

ਆਧਾਕਰਮੀ ਭੋਜਨ ਦੇ ਦੋਸ਼ਾਂ ਨੂੰ ਨਾ ਜਾਨਣ ਵਾਲੇ ਅਤੇ ਕਰਮ ਬੰਧ ਨੂੰ ਨਾ ਜਾਨਣ ਵਾਲੇ ਅਗਿਆਨੀ, ਸੰਸਾਰ ਸਮੁੰਦਰ ਨੂੰ ਕਿਸ ਪ੍ਰਕਾਰ ਪਾਰ ਕਰ ਸਕਦੇ ਹਨ ? ਇਸ ਗੱਲ ਨੂੰ ਨਾ ਜਾਨਣ ਵਾਲਾ ਪੁਰਸ਼, ਹੜ੍ਹ ਆਉਣ ਕਾਰਣ ਵੈਸਾਲੀਕ ਮੱਛੀ ਦੀ ਤਰ੍ਹਾਂ ਦੁੱਖੀ ਹੁੰਦਾ ਹੈ। (2)

ਪਾਣੀ ਦੇ ਪ੍ਰਭਾਵ ਤੋਂ ਸੁੱ[illegible] ਤੇ ਗਿੱਲੇ [illegible] ਪ੍ਰਾਪਤ ਜਿਵੇਂ ਵੈਸ਼ਾਲਿਕ ਮੱਛੀ, ਮਾਸਾਹਾਰੀ ਢੱਕ ਤੇ ਕਾਵਾਂ [illegible] ਦੁੱਖੀ ਹੁੰਦੀ [illegible] ਇਸੇ ਤਰ੍ਹਾਂ ਆਧਾਕਰਮੀ ਭੋਜਨ ਕਰਨ ਵਾਲਾ ਦੁੱਖੀ ਹੁੰਦਾ ਹੈ। (3)

ਇਸੇ ਪ੍ਰਕਾਰ ਵਰਤਮਾਨ ਸੁੱਖਾਂ ਦੀ ਹੀ ਤਲਾਸ਼ ਕਰਨ ਵਾਲਾ, ਕੋਈ ਕੋਈ ਸ਼੍ਰਮਣ (ਸਾਧੂ) ਵੈਸ਼ਾਲਿਕ ਮੱਛੀ ਦੀ ਤਰ੍ਹਾਂ, ਵਾਰ ਵਾਰ ਜਨਮ ਮਰਨ ਪ੍ਰਾਪਤ ਕਰਦਾ ਹੈ। (4)

ਪਹਿਲਾ ਆਖੇ ਅਗਿਆਨੀ ਤੋਂ ਛੁਟ ਦੂਸਰਾ ਅਗਿਆਨ ਇਸ ਪ੍ਰਕਾਰ ਹੈ "ਕਈ ਆਖਦੇ ਹਨ ਇਹ ਸੰਸਾਰ ਦੇਵਤਾ ਰਾਹੀਂ ਉਸੇ ਪ੍ਰਕਾਰ ਬਣਾਇਆ ਹੈ, ਜਿਵੇ ਕਿਸਾਨ ਅੰਨ ਪੈਦਾ ਕਰਦਾ ਹੈ। ਦੇਵਤੇ ਰਾਹੀ ਹਰ ਪ੍ਰਕਾਰ ਦੇ ਪ੍ਰਾਣੀ ਜਗਤ ਅਤੇ ਜੜ੍ਹ, ਜਗਤ ਦੀ ਉੱਤਪੱਤੀ ਹੋਈ ਹੈ । ਬ੍ਰਹਮਾ ਦੇ ਉਪਾਸਕ ਆਖਦੇ ਹਨ "ਇਹ ਲੋਕ ਬ੍ਰਹਮਾ ਨੇ ਬਣਾਇਆ ਹੈ ।" (5)

ਕਈ ਆਖਦੇ ਹਨ ਜੀਵ ਅਤੇ ਅਜੀਵ ਦਾ ਭਰਿਆ, ਸੁੱਖ-ਦੁੱਖ ਰੂਪੀ ਸੰਸਾਰ ਈਸ਼ਵਰ ਨੇ ਬਨਾਇਆ ਹੈ। ਸਾਂਖਯਵਾਦੀ ਆਖਦੇ ਹਨ ਕਿ "ਇਹ ਲੋਕ ਅਰਥਾਤ ਸਤੋ ਗੁਣ, ਰਜੋ ਗੁਣ ਅਤੇ ਤਮੋ ਗੁਣ ਰੂਪੀ ਪ੍ਰਾਕ੍ਰਿਤੀ ਤੋਂ ਬਣਿਆ ਹੈ । ਭਾਵ ਇਹ ਸੰਸਾਰ ਸੁਭਾਵਿਕ ਰੂਪ ਵਿਚ ਪੈਦਾ ਹੋਇਆ ਹੈ। (6)

ਕੋਈ ਆਖਦੇ ਹਨ ਸਾਡੇ ਮਹਾਂਰਿਸ਼ੀ ਨੇ ਕਿਹਾ ਹੈ "ਇਸ ਸੰਸਾਰ ਦੀ ਰਚਨਾ ਸ੍ਵੈਅੰਭੂ (ਵਿਸ਼ਨੂ) ਨੇ ਕੀਤੀ ਹੈ। ਯਮਰਾਜ ਨੇ ਮਾਇਆ ਬਣਾਈ ਹੈ। ਇਸ ਪੱਖੋਂ ਲੋਕ ਅਸ਼ਾਸਵਤ (ਨਾਸ਼ਵਾਨ) ਹੈ। (7)

(ਭਾਵ ਪਹਿਲਾ ਸਵੈਂਭੂ ਨੇ ਸੰਸਾਰ ਦੀ ਰਚਨਾ ਕੀਤੀ ਫੇਰ ਵੇਖਿਆ ਕਿ ਸੰਸਾਰ ਬਹੁਤ ਭਰ ਚੁੱਕਾ ਹੈ। ਇਸ ਡਰ ਕਾਰਣ ਜ਼ਮੀਨ ਨੂੰ ਹਲਕਾ ਕਰਨ ਲਈ ਯਮਰਾਜ ਦੀ ਰਚਨਾ ਕੀਤੀ। ਯਮਰਾਜ ਨੇ ਮਾਇਆ ਬਣਾਈ। ਇਸ ਮਾਇਆ ਵਿਚ ਫਸੇ ਜੀਵ ਮਰਦੇ ਹਨ। ਇਸ ਲਈ ਸੰਸਾਰ ਅਨਿੱਤ ਅਤੇ ਅਸ਼ਾਸਵਤ ਹੈ।)

ਉੱਪਰ ਦਸੇ ਅਨੋਤੀਰਥੀ (ਦੂਸਰੇ ਮੱਤਾਂ ਦੇ ਲੋਕ) ਆਪਣੇ ਆਪਣੇ ਹਿਸਾਬ ਨਾਲ ਸੰਸਾਰ ਦੀ ਉੱਤਪੱਤੀ ਦਸਦੇ ਹਨ। ਪਰ ਉਹ ਸੱਚੇ ਤੱਤਾਂ ਨੂੰ ਨਹੀਂ ਜਾਣਦੇ। ਤੱਤ ਇਹ ਹੈ ਕਿ 'ਇਹ ਲੋਕ ਦਾ ਕਦੇ ਵਿਨਾਸ਼ ਨਹੀਂ ਹੁੰਦਾ (ਜਦੋਂ ਵਿਨਾਸ਼ ਹੀ ਨਹੀਂ ਫੇਰ ਉੱਤਪੱਤੀ ਦੀ ਗੱਲ ਅਗਿਆਨਤਾ ਦਾ ਸੂਚਕ ਹੈ) ਇਸ ਸੰਸਾਰ ਦਾ ਕੋਈ ਕਰਤਾ ਜਾਂ ਵਿਨਾਸ਼ਕ ਨਹੀਂ ਲੋਕ ਅਨਾਦਿ ਤੇ ਅਨੰਤ ਹੈ।" (9)

---

ਟਿੱਪਣੀ—ਸਾਂਖਯ ਮੱਤ ਅਨੁਸਾਰ ਸਤੋ, ਰਜੋ, ਤਮੋ ਦੀ ਸਮ ਅਵਸਥਾ ਹੀ ਪ੍ਰਾਕ੍ਰਿਤੀ ਹੈ। ਇਹ ਪ੍ਰਾਕ੍ਰਿਤੀ ਪੁਰਸ਼ ਭਾਵ ਆਤਮਾ ਦੇ ਭੋਗ ਅਤੇ ਮੋਕਸ਼ ਦੀ ਕ੍ਰਿਆ ਪ੍ਰਵਿਰਤੀ ਹੈ। ਸੰਸਾਰ ਵਿਚ ਜਿਨੇ ਵੀ ਪਦਾਰਥ ਪਾਏ ਜਾਂਦੇ ਹਨ, ਉਨ੍ਹਾਂ ਵਿਚ ਤਿੰਨੋ ਗੁਣਾਂ ਦੀ ਸੱਤਾ ਵੇਖੀ ਜਾਂਦੀ ਹੈ। ਉਦਾਹਰਨ ਲਈ ਸੁੰਦਰ ਇਸਤਰੀ ਆਪਣੇ ਪਤੀ ਲਈ ਸੁਖ ਦਾ ਕਾਰਣ ਸਤੋ ਗੁਣ ਪਾਇਆ ਜਾਂਦਾ ਹੈ। ਆਪਣੀ ਸੌਕਨ ਲਈ ਦੁੱਖ ਦਾ ਕਾਰਣ ਹੋਣ ਕਾਰਣ ਉਹ ਰਜੋ ਗੁਣੀ ਹੈ। ਕਾਮ ਪੈਦਾ ਕਰਨ ਦੀ ਸ਼ਕਤੀ ਹੋਣ ਕਾਰਣ ਉਹ ਪੁਰਸ਼ ਦੇ ਮੋਹ ਦਾ ਕਾਰਣ ਹੈ ਇਸ ਲਈ ਉਹ ਤਮੋ ਗੁਣੀ ਹੈ। ਸਾਰੇ ਪਦਾਰਥ ਸੁਖ ਦੁੱਖ ਤੇ ਮੋਹ ਤੋਂ ਉਤਪੰਨ ਹੁੰਦੇ ਹਨ। ਇਸ ਲਈ ਸਾਰੇ ਪਦਾਰਥਾਂ ਵਿਚ ਤਿੰਨੇ ਗੁਣਾਂ ਵਿਚ ਪਾਏ ਜਾਂਦੇ ਹਨ। ਪ੍ਰਾਕ੍ਰਿਤੀ ਸਿੱਧੇ ਇਸ ਸੰਸਾਰ ਨੂੰ ਉਤਪੰਨ ਨਹੀਂ ਕਰਦੀ। ਪਰ ਪ੍ਰਾਕ੍ਰਿਤੀ ਤੋਂ ਪਹਿਲਾਂ ਬੁੱਧੀ ਤੱਤਵ ਉੱਤਪੰਨ ਹੁੰਦਾ ਹੈ। ਬੁੱਧੀ ਤੱਤਵ ਤੋਂ ਅਹੰਕਾਰ ਪੈਦਾ ਹੁੰਦਾ ਹੈ। ਅਹੰਕਾਰ ਤੋਂ 16 ਗਣ ਉਤਪੰਨ ਹੁੰਦੇ ਹਨ। 16 ਗਣ ਤੋਂ ਪੰਜ ਤਨ ਮਾਤਰਾਵਾਂ ਹਨ ਅਤੇ ਉਨ੍ਹਾਂ ਤੋਂ ਪ੍ਰਿਥਵੀ ਆਦਿ ਪੰਜ ਮਹਾਭੂਤ ਉਤਪੰਨ ਹੁੰਦੇ ਹਨ। ਇਸ ਪ੍ਰਕਾਰ ਸੰਸਾਰ ਨੂੰ ਪ੍ਰਾਕ੍ਰਿਤੀ ਉਤਪੰਨ ਕਰਦੀ ਹੈ। ਈਸ਼ਵਰ ਕ੍ਰਿਸ਼ਨ ਨੇ ਸਾਂਖਯਕਾਰਿਕਾ ਵਿਚ ਲਿਖਿਆ ਹੈ "ਮੂਲ ਪ੍ਰਕ੍ਰਿਤਿ ਵਿਕ੍ਰਿਤਿ ਮਹਦਾਦਯਾ:, ਪ੍ਰਕ੍ਰਿਤਿ ਵਿਕ੍ਰਿਤਯ: ਸਪਤ ਸ਼ੋਡਸ਼ਕਸਤੁ ਵਿਕਾਰੋ ਨ ਪ੍ਰਕ੍ਰਿਤਿਰਨ ਵਿਕ੍ਰਿਤਿ ਪੁਰਸ਼" ਭਾਵ ਸਤ, ਰਜ ਤੇ ਤਮ ਦੀ ਸਮ ਅਵਸਥਾ ਪ੍ਰਾਕ੍ਰਿਤੀ ਹੈ, ਉਹ ਕਿਸੇ ਤੋਂ ਉਤਪੰਨ ਨਹੀਂ ਹੁੰਦੀ। ਮਾਨ, ਅਹੰਕਾਰ, ਗੰਧਤਨਮਾਤਰਾ,

ਅਸ਼ੁੱਭ ਅਨੁਸ਼ਠਾਣ (ਅਸ਼ੁੱਭ ਕਰਮ) ਕਰਨ ਨਾਲ ਹੀ ਦੁੱਖ ਦੀ ਉਤਪੱਤੀ ਹੁੰਦੀ ਹੈ। (ਈਸ਼ਵਰ ਕਿਸੇ ਨੂੰ ਦੁੱਖ ਨਹੀਂ ਦਿੰਦਾ) ਜੋ ਲੋਕ ਦੁੱਖ ਦੇ ਉੱਤਪੱਤੀ ਦਾ ਕਾਰਣ ਨਹੀਂ ਜਾਣਦੇ, ਉਹ ਦੁੱਖਾਂ ਦਾ ਵਿਨਾਸ਼ ਕਿਵੇਂ ਕਰ ਸਕਦੇ ਹਨ। (10)

ਕਈ ਆਖਦੇ ਹਨ "ਆਤਮਾ ਸ਼ੁੱਧ ਤੇ ਪਾਪ ਰਹਿਤ ਹੈ ਪਰ ਫੇਰ ਵੀ ਰਾਗ ਦਵੇਸ਼ ਵਿਚ ਫਸ ਕੇ ਬੰਧ (ਕਰਮ ਬੰਧਨ) ਨੂੰ ਪ੍ਰਾਪਤ ਹੁੰਦੀ ਹੈ।" (11)

ਜੋ ਜੀਵ ਮਨੁੱਖ ਜਨਮ ਵਿਚ ਸਾਧੂ ਦੇ ਵਰਤ, ਨਿਯਮਾਂ ਦਾ ਪਾਲਨ ਕਰਦੇ ਹਨ। ਉਹ ਪਾਪ ਰਹਿਤ ਹੋ ਜਾਂਦੇ ਹਨ। ਜਿਵੇਂ ਸ਼ੁੱਧ ਪਾਣੀ ਫੇਰ ਗੰਦਾ ਹੋ ਜਾਂਦਾ ਹੈ, ਇਸੇ ਪ੍ਰਕਾਰ ਸ਼ੁੱਧ ਆਤਮਾ ( ਜਨਮ ਮਰਨ ਕਾਰਣ) ਫੇਰ ਗੰਦੀ ਹੋ ਜਾਂਦੀ ਹੈ। (12)

---

ਰਸ ਤਨਮਾਤਰਾ, ਸਪਰਸ਼ ਤਨਮਾਤਰਾ ਤੇ ਸ਼ਬਦ ਤਨਮਾਤਰਾ ਇਹ ਸੱਤ ਪਦਾਰਥ ਦੂਸਰੇ ਤੱਤਵਾਂ ਨੂੰ ਉਤਪੰਨ ਕਰਨ ਕਾਰਣ ਪ੍ਰਾਕ੍ਰਿਤੀ ਅਖਵਾਂਦੇ ਹਨ। ਇਹ ਖੁਦ ਵੀ ਦੂਸਰੇ ਤੱਤਵਾਂ ਤੋਂ ਪੈਦਾ ਹੁੰਦੇ ਹਨ। ਸੋ ਇਸ ਕਾਰਣ ਇਹ ਵਿਕਰਤੀ ਵੀ ਹਨ। ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ, ਮਨ ਤੇ ਪੰਜ ਮਹਾਭੂਤ ਇਹ ਦੂਸਰੇ ਕਿਸੇ ਤੱਤਵ ਦੇ ਉਤਪਾਦਕ ਨਹੀਂ, ਇਸ ਲਈ ਇਹ ਕਿਸੇ ਤੱਤਵ ਦੀ ਪ੍ਰਾਕ੍ਰਿਤੀ ਨਹੀਂ, ਇਹ ਖੁਦ ਦੂਸਰੇ ਤੱਤਵਾਂ ਤੋਂ ਪੈਦਾ ਹੋਏ ਹਨ। ਇਸ ਲਈ ਇਹ ਵਿਕਰਤੀ ਹੈ। ਇਨ੍ਹਾਂ ਸਭ ਤੋਂ ਭਿੰਨ, ਪੁਰਸ਼ ਤੱਤਵ, ਨਾ ਤਾਂ ਕਿਸੇ ਦੀ ਪ੍ਰਾਕ੍ਰਿਤੀ (ਕਾਰਣ) ਹੈ ਨਾ ਵਿਕਰਤੀ। ਜਿਵੇਂ ਕਿਹਾ ਸੁਭਾਵ ਪਖੋਂ ਠੀਕ ਹੈ ਉਸੀ ਤਰ੍ਹਾਂ ਸੰਸਾਰ ਦੀ ਉੱਤਪੱਤੀ ਸੁਭਾਵ ਪਖੋਂ ਹੈ।

ਟਿੱਪਣੀ ਗਾਥਾ 10— ਅਸਦ ਅਨੁਸ਼ਠਾਣ ਤੋਂ ਭਾਵ ਹੈ ਮਨ ਨੂੰ ਨਾ ਭਾਉਣ ਵਾਲੀ ਕ੍ਰਿਆ। ਇਥੇ ਦੇਵ ਆਪਤਵਾਦੀ ਦਾ ਮੱਤ ਪ੍ਰਗਟ ਕੀਤਾ ਗਿਆ ਹੈ।

ਟਿੱਪਣੀ ਗਾਥਾ 11—ਇਸ ਮੱਤ ਦੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ਆਤਮਾ ਮਨੁੱਖੀ ਜਾਮੇ ਵਿੱਚ ਪਾਪ ਰਹਿਤ ਹੋ ਕੇ ਮੁਕਤੀ ਪ੍ਰਾਪਤ ਕਰ ਲੈਂਦੀ ਹੈ। ਪਰ ਮੁਕਤ ਹਾਲਤ ਵਿੱਚ ਰਾਗ ਦਵੇਸ਼ ਕਾਰਣ ਕਰਮ ਵਿੱਚ ਲਿਬੜ ਜਾਂਦੀ ਹੈ। ਕਰਮਾਂ ਦੇ ਭਾਰ ਕਾਰਣ ਮੁਕਤੀ ਤੋਂ ਫੇਰ ਸੰਸਾਰ ਵਿਚ ਜਨਮ ਲੈਂਦੀ ਹੈ। ਆਤਮਾ ਦੀ ਇਹ ਇਕ ਅਨੋਖੀ ਸਥਿਤੀ ਹੈ। ਜਨਮ, ਮੁਕਤ, ਫੇਰ ਜਨਮ ਦੇ ਸਿੱਧਾਂਤ ਨੂੰ ਮੰਨਣ ਕਾਰਣ ਇਸ ਮੱਤ ਨੂੰ ਤੈਰਾਸ਼ਿਕ ਮੱਤ ਆਖਦੇ ਹਨ। ਸੀਲਾਂਕਾ ਅਚਾਰਿਆ ਨੇ ਇਸ ਮੱਤ ਨੂੰ ਮੰਨਣ ਵਾਲੇ ਗੋਸ਼ਾਲਕ ਤੇ ਤੈਰਾਸ਼ਿਕ ਦਾ ਵਰਨਣ ਕੀਤਾ ਹੈ। ਪਰ ਤੈਰਾਸ਼ਿਕ ਦੀ ਪ੍ਰੰਪਰਾ ਬਹੁਤ ਪ੍ਰਾਚੀਨ ਹੈ। ਇਸ ਨੂੰ ਮਹਾਵੀਰ ਨਿਰਵਾਨ ਤੋਂ ਬਾਅਦ ਰੋਹ ਗੁਪਤ ਨਾਂ ਦੇ ਜੈਨ ਭਿਕਸ਼ੂ ਨੇ ਅਪਨਾ ਕੇ ਗਲਤ ਪ੍ਰਚਾਰ ਕੀਤਾ ਸੀ ਉਸ ਪ੍ਰਚਾਰਕ ਦੀ ਧਾਰਨਾ ਕਾਰਣ ਤੈਰਾਸ਼ਿਕ ਸ਼ਬਦ ਟੀਕਾਕਾਰ ਨੇ ਮੁਤਾਬਿਕ ਵਰਤ ਲਿਆ ਹੈ। (ਡਾ. ਹਰਮਨ ਜੈਕੋਬੀ) ਜੈਨ ਸੂਤਰ ਭਾਗ 1।

ਇਨ੍ਹਾਂ ਅਨੇਤੀਰਥੀਆਂ ਦੇ ਸੰਬੰਧ ਵਿੱਚ ਬੁਧੀਮਾਨ ਮਨੁੱਖ ਇਹ ਨਿਰਣਾ ਕਰੇ ਕਿ ਇਹ ਲੋਕ ਬ੍ਰਹਮਚਰਜ ਦਾ ਪਾਲਣ ਨਹੀਂ ਕਰਦੇ, ਨਾ ਹੀ ਸੰਜਮ ਦੀ ਪਾਲਣਾ ਕਰਦੇ ਹਨ। ਅਜਿਹੇ ਸਾਰੇ ਮੱਤਾਂ ਵਾਲੇ ਆਪਣੇ ਮੱਤ ਨੂੰ ਹੀ ਉੱਤਮ ਸਮਝਦੇ ਹਨ (ਸੋ ਗਿਆਨੀ ਪੁਰਖ ਨੂੰ ਉਨ੍ਹਾਂ ਦੇ ਆਚਰਨ ਨੂੰ ਵੇਖਦੇ ਹੋਏ ਉਨ੍ਹਾਂ ਤੇ ਵਿਸ਼ਵਾਸ਼ ਕਰਨਾ ਚਾਹੀਦਾ।) (13)

ਕਈ ਸ਼ੈਵ ਆਖਦੇ ਹਨ, 'ਆਪਣੇ ਆਪਣੇ ਅਨੁਸ਼ਠਾਣ (ਧਾਰਮਿਕ ਕ੍ਰਿਆ) ਨਾਲ ਹੀ ਸਿੱਧੀ (ਮੁਕਤੀ) ਪ੍ਰਾਪਤ ਹੁੰਦੀ ਹੈ। ਸਾਡੇ ਦਰਸ਼ਨ ਅਨੁਸਾਰ ਇੰਦਰੀਆਂ ਦਾ, ਜੇਤੂ ਮਨੁੱਖ ਇਸੇ ਲੋਕ ਵਿੱਚ ਚੰਗੇ ਕਾਮਭੋਗ ਨੂੰ ਪ੍ਰਾਪਤ ਕਰਦਾ ਹੈ ਅਤੇ ਅਗਲੇ ਹੀ ਜਨਮ ਵਿੱਚ ਮੁਕਤੀ ਨੂੰ ਪ੍ਰਾਪਤ ਕਰਦਾ ਹੈ। (14)

ਕਈ ਹੋਰ ਦਰਸ਼ਨਾਂ ਦੇ ਧਾਰਕ ਆਖਦੇ ਹਨ, ਜੋ ਸਾਡੇ ਵਿਸ਼ਵਾਸ਼ ਅਨੁਸਾਰ ਅਨੁਸ਼ਠਾਨ ਕਰਕੇ ਸਿੱਧੀ ਪ੍ਰਾਪਤ ਕਰਦੇ ਹਨ ਉਹ ਸ਼ਰੀਰਕ ਤੇ ਮਾਨਸਿਕ, ਰੋਗ ਤੋਂ ਛੁਟਕਾਰਾ ਪਾ ਜਾਂਦੇ ਹਨ। ਇਸ ਪ੍ਰਕਾਰ ਸਿੱਧੀ ਨੂੰ ਸਾਹਮਣੇ ਰੱਖ ਕੇ ਆਪਣੇ ਵਿਚਾਰ ਦਿੰਦੇ ਹਨ। (15)

ਜੋ ਸੰਵਰ ਤੋਂ ਭਾਵ ਇੰਦਰੀਆਂ ਦੀ ਜਿੱਤ ਤੋਂ ਰਹਿਤ ਹਨ। ਉਹ ਦੂਸਰੇ ਵਿਸ਼ਵਾਸ਼ਾਂ ਦੇ ਧਾਰਕ ਅਨਾਦਿ ਕਾਲ ਤਕ ਸੰਸਾਰ ਦੇ ਜਨਮ-ਮਰਣ ਦੇ ਚੱਕਰ ਵਿੱਚ ਘੁੰਮਦੇ, ਰਹਿੰਦੇ ਹਨ। ਜੇ ਉਹ (ਜੀਵ) ਜੋ ਬਾਲ ਤਪ (ਅਗਿਆਨਤਾ ਕਾਰਣ ਕੀਤੇ ਤਪ) ਕਾਰਣ ਕਦੇ ਦੇਵ ਗਤੀ ਪ੍ਰਾਪਤ ਕਰਨਗੇ ਤਾਂ ਲੰਬੇ ਸਮੇਂ ਤੱਕ ਅਸੁਰਗਤੀ (ਨੀਚ ਤੇ ਘਟਿਆ ਦੇਵਤਿਆਂ ਦੀ ਜੂਨੀ) ਵਿੱਚ ਪੈਦਾ ਹੋਣਗੇ। ਅਜਿਹਾ ਮੈਂ (ਮਹਾਵੀਰ ਵਰਧਮਾਨ) ਆਖਦਾ ਹਾਂ। (16)





# ਚੌਥਾ ਉਦੇਸ਼ਕ

"ਹੇ ਸ਼ਿਸ਼ ! ਜੋ (ਦੂਸਰੇ ਅਨੋਤੀਰਥੀ) ਕਾਮ, ਕਰੋਧ ਆਦਿ ਤੋਂ ਹਾਰ ਚੁਕੇ ਹਨ । ਉਹ ਅਗਿਆਨੀ ਹਨ, ਪਰ ਫੇਰ ਵੀ ਖੁਦ ਨੂੰ ਗਿਆਨੀ ਮੰਨਦੇ ਹਨ । ਕਿਸੇ ਦੀ ਵੀ ਸ਼ਰਨ (ਆਸਰੇ) ਦਾ ਕਾਰਣ ਨਹੀਂ ਬਣ ਸਕਦੇ । ਇਹ ਲੋਕ ਘਰ ਬਾਰ ਛੱਡਕੇ ਵੀ ਗ੍ਰਹਿਸਥ ਦੇ ਸੰਸਾਰਿਕ ਕਰਤੱਵਾਂ ਦਾ ਉਪਦੇਸ਼ ਦਿੰਦੇ ਹਨ (ਸੱਚੇ ਧਰਮ ਦਾ ਆਤਮਿਕ ਉਪਦੇਸ਼ ਇਹ ਦੇ ਨਹੀਂ ਸਕਦੇ) । (1)"

ਵਿਦਵਾਨ ਸੰਜਮੀ ਸਾਧੂ, ਅਜਿਹੇ ਅਨੋਤੀਰਥੀਆਂ ਨਾਲ ਕਿਸੇ ਪ੍ਰਕਾਰ ਦਾ ਮੇਲ ਜੋਲ ਨਾਂ ਰੱਖੇ । ਜੇ ਕਦੇ ਮੇਲ ਹੋ ਜਾਵੇ ਤਾਂ ਇਸ ਮਿਲਾਪ ਦਾ ਅਭਿਮਾਨ ਨਾ ਕਰੇ । ਹਮੇਸ਼ਾ ਰਾਗ-ਦਵੇਸ਼ ਤੋਂ ਰਹਿਤ ਹੋ ਕੇ ਮਧਯਸਥ (ਮਮਤਾ ਰਹਿਤ ਸਮ ਅਵਸਥਾ) ਵਿਚ ਘੁੰਮੇ ।" (2)

ਕਈ ਅਨੋਤੀਰਥੀ ਆਖਦੇ ਹਨ "ਪਰਿਗ੍ਰਹੀ (ਭੋਗੀ ਵਿਲਾਸੀ) ਤੇ ਅਰੰਭੀ (ਪਾਪੀ) ਵੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ ।" ਪਰ ਸੱਚਾ ਸਾਧੂ ਪਰਿਗ੍ਰਹਿ ਤੇ ਪਾਪ ਨੂੰ ਛੱਡ ਕੇ ਤਿਆਗੀ ਪੁਰਸ਼ ਦੀ ਸ਼ਰਨ ਗ੍ਰਹਿਣ ਕਰੇ । (ਭਾਵ ਅਜੇਹੇ ਵਿਚਾਰਾਂ ਤੋਂ ਕੋਈ ਮੁਨੀ ਧਿਆਨ ਨਾ ਦੇਵੇ) । (3)

ਗ੍ਰਹਿਸਥ ਨੇ ਆਪਣੇ ਲਈ ਜੋ ਭੋਜਨ ਬਣਾਇਆ ਹੈ । ਵਿਦਵਾਨ ਸਾਧੂ ਉਸ ਭੋਜਨ ਦੀ ਗਵੇਸ਼ਨਾ (ਦੇਖ ਭਾਲ) ਕਰੇ । ਗ੍ਰਹਿਸਥ ਰਾਹੀਂ ਸਵੈ ਇੱਛਾ ਨਾਲ ਦਿੱਤਾ ਭੋਜਨ ਹੀ ਗ੍ਰਹਿਣ ਕਰੇ । ਉਸ ਭੋਜਨ ਪ੍ਰਤਿ ਕੋਈ ਰਸ ਦੀ ਭਾਵਨਾ ਨਾ ਰੱਖੇ । ਰਾਗ ਦਵੇਸ਼ ਨਾ ਕਰੇ । ਕਿਸੇ ਦਾ ਅਪਮਾਨ ਵੀ ਨਾ ਕਰ । (4)

ਕਈ ਆਖਦੇ ਹਨ, "ਲੋਕ ਵਾਦ ਪ੍ਰਾਖੰਡੀ ਗ਼ਲਤ ਮਾਨਤਾਵਾਂ ਨੂੰ ਸੁਨਣਾ ਤੇ ਸਮਝਣਾ ਚਾਹੀਦਾ ਹੈ।" ਪਰ ਇਹ ਲੋਕਵਾਦ ਉਲਟ ਬੁੱਧੀ ਤੋਂ ਪੈਦਾ ਹੋਇਆ ਹੈ। ਵਿਵੇਕ-ਰਹਿਤ ਲੋਕਾਂ ਦੀ ਮਾਨਤਾ ਹੈ। (5)

ਲੋਕਵਾਦ ਇਸ ਪ੍ਰਕਾਰ ਹੈ, "ਇਹ ਸੰਸਾਰ ਅਨੰਤ ਹੈ ਭਾਵ ਜੋ ਜੀਵ ਇਸ ਸੰਸਾਰ ਵਿੱਚ ਜੇਹਾ ਹੈ ਅਗਲੇ ਜਨਮ ਵਿੱਚ ਵੀ ਉਹ ਅਜਿਹਾ ਹੋਵੇਗਾ। ਮਨੁੱਖ ਮਰਕੇ ਮਨੁੱਖ ਪੈਦਾ ਹੁੰਦਾ ਹੈ। ਇਸਤਰੀ ਇਸਤਰੀ ਹੀ ਜਨਮ ਲੈਂਦੀ ਹੈ। ਇਸ ਲੋਕ ਦੀ ਕੋਈ ਹੱਦ ਨਹੀਂ। ਇਸ ਕਾਰਣ ਲੋਕ ਨਿੱਤ ਹੈ, ਸ਼ਾਸ਼ਵਤ ਹੈ, ਅਵਿਨਾਸ਼ੀ ਹੈ। ਇਸ ਲੋਕ ਦਾ ਕਿਨਾਰਾ ਭਾਵ ਸੱਤ ਦੀਪ ਸਮੁਦਰ ਹੈ।" ਇਸ ਪ੍ਰਕਾਰ ਗਿਆਨੀਆਂ (ਵਿਆਸ ਰਿਸ਼ੀ) ਨੇ ਕਿਹਾ ਹੈ। (6)

ਕਈ ਆਖਦੇ ਹਨ ਕਿ "ਖੇਤਰ ਤੇ ਕਾਲ (ਅਪਰਿਮਿਤ ਪਦਾਰਥ) ਪੱਖੋਂ ਕੋਈ ਸੀਮਾ ਦਾ ਜਾਣਕਾਰ ਤਾਂ ਹੋ ਸਕਦਾ ਹੈ, ਪਰ ਸਰਵੱਗ ਪੈਦਾ ਨਹੀਂ ਹੋ ਸਕਦੇ। ਸਭ ਪਾਸੇ, ਕਿਸੇ ਸੀਮਾ ਤੱਕ ਜਾਨਣ ਵਾਲੇ ਲੋਕਾਂ ਨੂੰ ਗਿਆਨੀ ਵੇਖਦੇ ਹਨ।" ਅਜਿਹਾ ਧੀਰ ਪੁਰਸ਼ ਆਖਦੇ ਹਨ। (7)

ਲੋਕਵਾਦ ਦਾ ਉੱਤਰ ਦਿੰਦੇ ਸ਼ਾਸਤਰਕਾਰ ਆਖਦਾ ਹੈ, "ਲੋਕ ਵਿੱਚ ਜਿੰਨੇ ਵੀ ਤਰੱਸ (ਹਿੱਲਣ ਚੱਲਣ ਵਾਲੇ ਜੀਵ) ਸਥਾਵਰ (ਪ੍ਰਿਥਵੀ, ਬਨਾਸਪਤੀ) ਆਦਿ ਸ਼ਰੀਰਧਾਰੀ ਜੀਵ ਹਨ, ਉਨ੍ਹਾਂ ਦੀ ਪਰਿਆਏ (ਅਵਸਥਾ) ਵਿੱਚ ਫੇਰ ਬਦਲ ਹੁੰਦਾ ਰਹਿੰਦਾ ਹੈ। ਤਰੱਸ ਮਰਕੇ ਸਥਾਵਰ ਬਣਦਾ ਹੈ। ਸਥਾਵਰ ਮਰ ਕੇ ਤਰੱਸ। (ਜੇ ਜੀਵ ਇੱਕ ਸਰੀਖੇ ਰਹੇ ਤਾਂ ਧਾਰਮਿਕ ਤਪ, ਜਪ, ਸਵਾਧਿਆਏ ਆਦਿ ਕ੍ਰਿਆਵਾਂ ਬੇਕਾਰ ਹਨ)। (8)

ਔਦਾਰਿਕ (ਬਾਹਰਲਾ) ਸ਼ਰੀਰ ਵਾਲੇ ਪ੍ਰਾਣੀ, ਗਰਭ ਅਵਸਥਾਵਾਂ ਤੋਂ ਉਲਟ ਬਾਲ, ਨੌਜਵਾਨ ਅਵਸਥਾ ਪ੍ਰਾਪਤ ਕਰਦੇ ਹਨ। (ਜੀਵ ਭਿੰਨ-ਭਿੰਨ ਸਮੇਂ ਭਿੰਨ ਅਵਸਥਾਵਾਂ ਪ੍ਰਾਪਤ ਕਰਦਾ ਹੈ।) ਇਹ ਸਭ ਦੁੱਖ ਦਾ ਕਾਰਣ ਹਨ। ਸਾਰ ਪ੍ਰਾਣੀਆਂ ਨੂੰ ਦੁੱਖ ਬੁਰਾ ਲਗਦਾ ਹੈ। ਇਹ ਜਾਣਕੇ ਅਹਿੰਸਾ ਦਾ ਪਾਲਨ ਕਰਨਾ ਚਾਹੀਦਾ ਹੈ। (9)

"ਇਹੋ ਬੁੱਧੀਮਤਾ ਹੈ ਕਿ ਕਿਸੇ ਵੀ ਪ੍ਰਾਣੀ ਨੂੰ ਨਾ ਮਾਰੋ। ਅਹਿੰਸਾ ਦਾ ਪਾਲਣ ਕਰੋ। ਇਹੋ ਗਿਆਨੀ ਹੋਣ ਦਾ ਸਾਰ ਹੈ। ਅਹਿੰਸਾ ਨੂੰ ਸਮਤਾ (ਇੱਕ ਸਮਾਨਤਾ) ਰਾਹੀਂ ਸਮਝੋ"। (10)

ਸਭ ਪ੍ਰਕਾਰ ਦੀ ਮੇਰ-ਤੇਰ ਤੋਂ ਰਹਿਤ ਮੁਨੀ, ਗਿਆਨ, ਦਰਸ਼ਨ ਤੇ ਚਰਿੱਤਰ ਰੂਪ ਰਤਨਾਂ ਦੀ ਰੱਖਿਆ ਕਰੇ। ਆਪਣੀ ਰੋਜ਼ਾਨਾ ਦੀ ਰਹਿਣੀ-ਬਹਿਣੀ, ਆਸਨ, ਫੱਟਾ ਤੇ ਭੋਜਨ ਪਾਣੀ ਦਾ ਠੀਕ ਰੂਪ ਵਿੱਚ ਪ੍ਰਯੋਗ ਕਰੇ (ਭਾਵ ਸ਼ਾਸਤਰਾਂ ਦੀ ਹਿਦਾਇਤਾਂ ਅਨੁਸਾਰ ਸੰਜਮ ਦਾ ਪਾਲਣ ਕਰੇ। (11)

ਮੁਨੀ ਤਿੰਨ ਸਥਾਨਾਂ ਦਾ ਸੰਜਮ ਰਖਦਾ ਹੋਇਆ ਮਾਨ, ਕਰੋਧ, ਮਾਇਆ ਤੇ ਲੋਭ ਦਾ ਤਿਆਗ ਕਰਦਾ ਹੋਇਆ ਜੀਵਨ ਗੁਜ਼ਾਰੇ । (12)

ਹਮੇਸ਼ਾ ਪੰਜ ਸਮਿਤੀਆਂ ਤੇ ਪੰਜ ਸਬਰਾਂ ਦਾ ਪਾਲਕ ਮੁਨੀ ਮੁਕਤੀ ਲਈ ਸੰਜਮ ਦਾ ਪਾਲਣ ਕਰੇ । ਅਜਿਹਾ ਮੈਂ (ਭਗਵਾਨ ਮਹਾਵੀਰ) ਆਖਦਾ ਹਾਂ । (13)

---

ਟਿੱਪਣੀ 12—ਤਿੰਨ ਸਥਾਨ ਹਨ (1) ਈਰੀਆ ਸਮਿਤੀ (ਦੇਖਭਾਲ ਕੇ ਵਸਤੂ ਗ੍ਰਹਿਣ ਚਲਨਾ । (2) ਆਸਣ ਤੇ (ਵਰਤੂਨ੍ਹ ਨੂੰ ਦੇਖ ਕੇ ਗ੍ਰਹਿਣ ਕਰਨਾ । ਭਾਂਡ ਨਿਖੇਪਨ ਸਮਿਤੀ । (3) ਭੋਜਨ ਪਾਣੀ ਨੂੰ ਦੇਖ ਭਾਲ ਕੇ ਗ੍ਰਹਿਣ ਕਰਨਾ ਏਸ਼ਨਾ ਸਮਿਤੀ ਹੈ ।

ਟੀਕਾਕਾਰ ਦਾ ਕਥਨ ਹੈ ਕਿ ਗ੍ਰਹਿਸਥ ਦੇ ਘਰ ਸਾਧੂ ਨੂੰ ਭਾਸ਼ਨ ਕਰਨਾ ਪੈ ਸਕਦਾ ਹੈ । ਸੋ ਭਾਸ਼ਾ ਸਮਿਤੀ ਵੀ ਸਮਝਣੀ ਚਾਹੀਦੀ ਹੈ । ਭੋਜਨ ਕਾਰਣ ਉਚਾਰ ਤੇ ਪ੍ਰਸਤਰਵ ਸਮਿਤੀ ਵੀ ਆ ਸਕਦੀ ਹੈ । ਸੋ ਸਾਧੂ ਨੂੰ ਪੰਜ ਸਮਿਤੀਆਂ ਦਾ ਪਾਲਨ ਕਰਨਾ ਚਾਹੀਦਾ ਹੈ।

ਟਿੱਪਣੀ—(13) ਪੰਜ ਸੰਬਰ ਹਨ । (1) ਅਹਿੰਸਾ (2) ਸੱਚ (3) ਚੋਰੀ ਦਾ ਤਿਆਗ (4) ਅਪਰਿਗ੍ਰਹਿ (ਜ਼ਰੂਰਤ ਤੋਂ ਵੱਧ ਵਸਤਾਂ ਦਾ ਤਿਆਗ) (5) ਬ੍ਰਹਮ-ਚਰਜ (ਮਨ, ਵਚਨ ਤੇ ਕਾਇਆ ਦਾ ਸੰਜਮ ਤਿੰਨ ਗੁਪਤੀ ਅਖਵਾਉਂਦਾ ਹੈ) (ਸ਼ੀਲਾਂਕਾਚਾਰਿਆ)